e-Magazine

# Knowledge Hub



ਕੰਪਿਊਟਰ ਸਾਇੰਸ
ਈ-ਮੈਗਜ਼ੀਨ
ਅੰਕ ਪਹਿਲਾ
2022-23

e-Magazine

# Knowledge Hub

## Computer Science e-magazine 2022-23 version 1.0


**Editor**

**Jaspal Singh**
**Computer Faculty**
**Govt. Sen. Sec. School Naru Nangal**
**Hoshiarpur**



****ਮੈਗਜ਼ੀਨ ਵਿੱਚ ਲੇਖਕਾਂ (ਅਧਿਆਪਕਾਂ ਅਤੇ ਵਿਦਿਆਰਥੀਆਂ) ਵੱਲੋਂ ਲਿਖੇ ਗਏ ਲੇਖ, ਕਵਿਤਾਵਾਂ ਅਤੇ ਹੋਰ ਸਮੱਗਰੀ ਲੇਖਕ ਦੀ ਸਵੈ-ਲਿਖਤ ਹੋਣ ਦਾ ਸਾਡੇ ਕੋਲ ਕੋਈ ਸਬੂਤ ਨਹੀਂ ਹੈ। ਇਸ ਲਈ ਕੋਈ ਵੀ ਕਾਨੂੰਨੀ ਵਿਵਾਦ ਲਈ ਲੇਖਕ ਖ਼ੁਦ ਜ਼ਿੰਮੇਵਾਰ ਹੋਵੇਗਾ।



# ਸੰਪਾਦਕੀ ਸ਼ਬਦ

ਅਧਿਆਪਕ ਸਾਥੀਓ ਅਤੇ ਪਿਆਰੇ ਵਿਦਿਆਰਥੀਓ ਆਪ ਸਭ ਦੀ ਕੰਪਿਊਟਰ ਸਾਇੰਸ ਵਿਸ਼ੇ ਵਿੱਚ ਰੁਚੀ ਨੂੰ ਦੇਖਦੇ ਹੋਏ ਅਤੇ ਇਸ ਈ-ਮੈਗਜ਼ੀਨ ਵਿੱਚ ਆਪ ਦੀ ਭਾਗੀਦਾਰੀ ਨਾਲ ਮੈਨੂੰ ਬੜੀ ਖੁਸ਼ੀ ਅਤੇ ਮਾਣ ਮਹਿਸੂਸ ਹੋਇਆ ਹੈ। ਕੰਪਿਊਟਰ ਸਾਇੰਸ ਦਾ ਵਿਸ਼ਾ ਵਿਦਿਆਰਥੀਆਂ ਦਾ ਬੜਾ ਹਰਮਨ ਪਿਆਰਾ ਵਿਸ਼ਾ ਹੋਣ ਦੇ ਨਾਲ-ਨਾਲ ਇਸ ਵਿਸ਼ੇ ਨੂੰ ਵਿਦਿਆਰਥੀ ਬੜੇ ਚਾਅ ਨਾਲ ਪੜ੍ਹਦੇ ਹਨ ਅਤੇ ਇਹ ਸਾਡੇ ਜੀਵਨ ਦੀ ਜਰੂਰਤ ਵੀ ਹੈ। ਅੱਜ ਦੇ ਇਸ ਡਿਜ਼ੀਟਲ ਯੁੱਗ ਵਿੱਚ ਇਸ ਤੋਂ ਬਿਨ੍ਹਾਂ ਅਸੀ ਆਪਣੇ ਜੀਵਨ ਨੂੰ ਅਧੂਰਾ ਮਹਿਸੂਸ ਕਰਦੇ ਹਾਂ। ਵਿਦਿਆਰਥੀਆਂ ਵਿੱਚ ਕਲਾ ਤੇ ਰੁਚੀਆਂ ਦਾ ਵਿਕਾਸ ਹੋਣਾ ਮਨੁੱਖ ਦੇ ਵਿਕਾਸ ਲਈ ਜ਼ਰੂਰੀ ਹੈ। ਨਾਲਜ ਹੱਬ ਕੰਪਿਊਟਰ ਸਾਇੰਸ ਈ-ਮੈਗਜ਼ੀਨ ਨੂੰ ਪ੍ਰਕਾਸ਼ਿਤ ਕਰਨਾ ਕੰਪਿਊਟਰ ਸਾਇੰਸ ਵਿਸ਼ੇ ਨੂੰ ਨਿਵੇਕਲਾ ਬਣਾਉਣਾ ਅਤੇ ਵਿਦਿਆਰਥੀਆਂ ਵਿੱਚ ਡਿਜ਼ੀਟਲ ਯੁੱਗ ਪ੍ਰਤਿ ਜਾਗਰੁਕਤਾ ਪੈਦਾ ਕਰਨਾ ਹੀ ਇਸ ਮੈਗਜ਼ੀਨ ਦਾ ਮੁੱਖ ਉਦੇਸ਼ ਹੈ। ਇਸ ਮੈਗਜ਼ੀਨ ਵਿੱਚ ਪੂਰੇ ਪੰਜਾਬ ਦੇ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਦੀਆਂ ਰਚਨਾਵਾਂ ਨੂੰ ਸ਼ਾਮਿਲ ਕੀਤਾ ਗਿਆ ਹੈ। ਮੈਨੂੰ ਆਸ ਹੈ ਕਿ ਤੁਸੀ ਅੱਗੇ ਤੋਂ ਵੀ ਇਸੇ ਤਰ੍ਹਾਂ ਇਸ ਈ-ਮੈਗਜੀਨ ਵਿੱਚ ਆਪਣੀ ਸ਼ਮੂਲੀਅਤ ਨੂੰ ਬਣਾਈ ਰਖੋਗੇ ਤਾਂ ਕਿ ਇਸ ਈ-ਮੈਗਜ਼ੀਨ ਦੀ ਲੜ੍ਹੀ ਨੂੰ ਅੱਗੇ ਵਧਾਇਆ ਜਾ ਸਕੇ।


ਸੰਪਾਦਕ

ਜਸਪਾਲ ਸਿੰਘ

ਕੰਪਿਊਟਰ ਫੈਕਲਟੀ

ਸ.ਸ.ਸ.ਸ. ਨਾਰੂ ਨੰਗਲ

ਹੁਸ਼ਿਆਰਪੁਰ

# ਸੰਦੇਸ਼

ਵਿਦਿਆਰਥੀ ਦੇ ਕੈਰੀਅਰ ਵਿਕਾਸ ਵਿੱਚ ਕੰਪਿਊਟਰ ਸਿੱਖਿਆ ਮਹੱਤਵਪੂਰਣ ਭੂਮਿਕਾ ਅਦਾ ਕਰਦੀ ਹੈ। ਨਵੇਂ ਹੁਨਰਾਂ ਅਤੇ ਉੱਨਤ ਸਸੰਕਰਣਾਂ ਨੂੰ ਪ੍ਰਾਪਤ ਕਰਨ ਲਈ, ਇੱਕ ਕੰਪਿਊਟਰ ਇੰਟਰਨੈੱਟ ਕਨੈਕਸ਼ਨ ਦੇ ਨਾਲ ਸਭ ਤੋਂ ਸ਼ਕਤੀਸ਼ਾਲੀ ਉਪਕਰਣ ਹੈ। ਅੱਜ ਕੰਪਿਊਟਰਾਂ ਦੀ ਵਰਤੋਂ ਵਿਆਪਕ ਤੌਰ ਤੇ ਹੋ ਰਹੀ ਹੈ। ਇਹ ਹਰ ਜਗ੍ਹਾ ਜਿਵੇਂ ਕਿ ਇੱਕ ਕੰਪਨੀ, ਕਾਰੋਬਾਰ, ਸਕੂਲ, ਸੰਸਥਾਵਾਂ ਆਦਿ ਵਿੱਚ ਇਸਤੇਮਾਲ ਹੁੰਦਾ ਹੈ। ਵਿਦਿਆਰਥੀ ਅੱਜ ਇੰਟਰਨੈੱਟ ਰਾਹੀਂ ਅਸੀਮਿਤ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ। ਕੰਪਿਊਟਰ ਅਤੇ ਸਿੱਖਿਆ ਇੱਕ ਦੂਜੇ ਨਾਲ ਸੰਬੰਧਤ ਹਨ ਕਿਉਂਕਿ ਇਹ ਇੱਕ ਵਿਦਿਆਰਥੀ ਨੂੰ ਤਕਨੀਕੀ ਤੌਰ ਤੇ ਪ੍ਰਭਾਵਸ਼ਾਲੀ ਢੰਗ ਨਾਲ ਸਿਰਜਣਾਤਮਕ ਸੋਚਣ ਅਤੇ ਕਲਪਨਾ ਦੀ ਪੜਚੋਲ ਕਰਨ ਵਿੱਚ ਸਹਾਇਤਾ ਕਰਦਾ ਹੈ। ਕੰਪਿਊਟਰ ਰਾਹੀਂ ਸਿੱਖਿਆ, ਵਿਦਿਆਰਥੀਆਂ ਨੂੰ ਆਕਰਸ਼ਤ ਕਰਨ ਵਿੱਚ ਸਹਾਇਤਾ ਕਰਦੀ ਹੈ। ਵੀਡੀਓ ਪ੍ਰਭਾਵ, ਸੁੰਦਰਤਾ ਅਤੇ ਪ੍ਰਭਾਵਸ਼ਾਲੀ ਸਮੱਗਰੀ ਨਾਲ ਸਿੱਖਣ ਵਿੱਚ ਵਿਦਿਆਰਥੀਆਂ ਦੀ ਮਦਦ ਕਰਦੇ ਹਨ । ਇਸ ਮੈਗਜ਼ੀਨ ਰਾਹੀਂ ਵਿਦਿਆਰਥੀਆਂ ਨੂੰ ਕੰਪਿਊਟਰ ਸਿੱਖਿਆਂ ਨਾਲ ਜੋੜਨ ਅਤੇ ਅੱਜ ਦੇ ਡਿਜੀਟਲ ਯੁੱਗ ਦੇ ਹਾਣੀ ਬਣਾਉਣ ਦੇ ਇਸ ਨਿਵੇਕਲੇ ਉਪਰਾਲੇ ਦੀ ਸ਼ਲਾਘਾ ਕਰਦਾ ਹੋਇਆ ਨਾਲਜ ਹੱਬ ਕੰਪਿਊਟਰ ਸਾਇੰਸ ਈ-ਮੈਗਜ਼ੀਨ ਨੂੰ ਪ੍ਰਕਾਸ਼ਿਤ ਕਰਨ ਲਈ ਮੈਂ ਸ੍ਰੀ ਜਸਪਾਲ ਸਿੰਘ ਜੀ ਨੂੰ ਦਿਲੋਂ ਵਧਾਈ ਦਿੰਦਾ ਹਾਂ। ਜਿਨ੍ਹਾਂ ਦੀ ਮਿਹਤਨ ਸਦਕਾਂ ਇਸ ਮੈਗਜ਼ੀਨ ਵਿੱਚ ਪੂਰੇ ਪੰਜਾਬ ਦੇ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਦੀਆਂ ਰਚਨਾਵਾਂ ਨੂੰ ਸ਼ਾਮਿਲ ਕੀਤਾ ਗਿਆ ਹੈ। ਮੈਂ ਅਧਿਆਪਕ ਸਾਥੀਆਂ ਅਤੇ ਵਿਦਿਆਰਥੀਆਂ ਦੀ ਕੰਪਿਊਟਰ ਸਾਇੰਸ ਪ੍ਰਤੀ ਉਨ੍ਹਾਂ ਦੀ ਰੂਚੀ ਲਈ ਪ੍ਰਸ਼ੰਸ਼ਾ ਕਰਦਾ ਹਾਂ ਅਤੇ ਵਿਦਿਆਰਥੀਆਂ ਦੇ ਇਸ ਮੈਗਜ਼ੀਨ ਵਿੱਚ ਪਾਏ ਗਏ ਯੋਗਦਾਨ ਲਈ ਸ਼ਲਾਂਘਾ ਕਰਦਾ ਹੋਇਆ ਵਿਦਿਆਰਥੀਆਂ ਨੂੰ ਤਕਨੀਕੀ ਅਤੇ ਸੂਚਨਾ ਦਾ ਹਾਣੀ ਬਣੇ ਰਹਿਣ ਦੀ ਅਪੀਲ ਕਰਦਾ ਹਾਂ ਅਤੇ ਉਨ੍ਹਾਂ ਦੇ ਸ਼ਾਨਦਾਰ ਭਵਿੱਖ ਦੀ ਕਾਮਨਾ ਕਰਦਾ ਹਾਂ। ਮੈ ਆਸ ਕਰਦਾ ਹਾਂ ਕਿ ਸ੍ਰੀ ਜਸਪਾਲ ਸਿੰਘ ਜੀ ਭਵਿੱਖ ਵਿੱਚ ਵੀ ਵਿਦਿਆਰਥੀਆਂ ਨੂੰ ਕੰਪਿਊਟਰ ਸਿੱਖਿਆ ਨਾਲ ਜੋੜਨ ਲਈ ਇਸ ਤਰ੍ਹਾਂ ਦੇ ਉਪਰਾਲੇ ਕਰਦੇ ਰਹਿਣਗੇ। ਸ਼ੁੱਭ ਕਾਮਨਾਵਾਂ ਸਹਿਤ।

ਸਤਵੰਤ ਸਿੰਘ

ਐਸ.ਆਰ.ਪੀ.

ਕੰਪਿਊਟਰ ਸਾਇੰਸ

ਪੰਜਾਬ

# ਸੰਦੇਸ਼

ਸ੍ਰੀ ਜਸਪਾਲ ਸਿੰਘ ਜੀ ਦੇ ਸਿਰਜਣਾਤਮਕ ਉਪਰਾਲੇ ਦੀ ਸ਼ਲਾਘਾ ਕਰਦਾ ਹੋਇਆ ਨਾਲਜ ਹੱਬ ਕੰਪਿਊਟਰ ਸਾਇੰਸ ਈ-ਮੈਗਜ਼ੀਨ ਨੂੰ ਪ੍ਰਕਾਸ਼ਿਤ ਕਰਨ ਲਈ ਮੈਂ ਦਿਲੋਂ ਵਧਾਈ ਦਿੰਦਾ ਹਾਂ। ਉਹ ਕੰਪਿਊਟਰ ਸਾਇੰਸ ਵਿਸ਼ੇ ਨੂੰ ਨਿਵੇਕਲਾ ਬਣਾਉਣ ਵਾਸਤੇ ਬੜੀ ਮਿਹਨਤ ਕਰ ਰਹੇ ਹਨ। ਕੰਪਿਊਟਰ ਸਾਇੰਸ ਵਿਸ਼ੇ ਨੂੰ ਰੋਚਕ ਬਣਾਉਣ ਲਈ ਉਹਨਾਂ ਵਲੋਂ ਕਈ ਤਰ੍ਹਾਂ ਦੀਆਂ ਤਕਨੀਕਾਂ ਦੀ ਵਰਤੋਂ ਕਰਕੇ ਵਿਦਿਆਰਥੀਆਂ ਨੂੰ ਨਵੀਂ ਤੋਂ ਨਵੀਂ ਜਾਣਕਾਰੀ ਦਿੱਤੀ ਜਾਂਦੀ ਹੈ। ਜਿਸ ਨਾਲ ਵਿਦਿਆਰਥੀਆਂ ਵਿੱਚ ਕੰਪਿਊਟਰ ਸਾਇੰਸ ਵਿਸ਼ੇ ਵਿੱਚ ਰੁਚੀ ਵੱਧ ਰਹੀ ਹੈ। ਨਾਲਜ ਹੱਬ ਕੰਪਿਊਟਰ ਸਾਇੰਸ ਈ-ਮੈਗਜ਼ੀਨ ਇਹਨਾਂ ਦੀ ਮਿਹਨਤ ਦਾ ਸਬੂਤ ਹੈ। ਇਸ ਮੈਗਜ਼ੀਨ ਵਿੱਚ ਪੂਰੇ ਪੰਜਾਬ ਦੇ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਦੀਆਂ ਰਚਨਾਵਾਂ ਨੂੰ ਸ਼ਾਮਿਲ ਕੀਤਾ ਗਿਆ ਹੈ। ਮੈਨੂੰ ਆਸ ਹੈ ਕਿ ਉਹ ਆਉਣ ਵਾਲੇ ਸਮੇਂ ਦੌਰਾਨ ਕੰਪਿਊਟਰ ਸਾਇੰਸ ਵਿਸ਼ੇ ਨੂੰ ਵਿਦਿਆਰਥੀਆਂ ਨਾਲ ਜੋੜਨ ਲਈ ਕੰਮ ਕਰਦੇ ਰਹਿਣਗੇ।

ਸ਼ੁੱਭ ਕਾਮਨਾਵਾਂ ਸਹਿਤ।

ਇੰਦਰਪਾਲ ਸਿੰਘ

ਡੀ.ਐਮ.

ਕੰਪਿਊਟਰ ਸਾਇੰਸ

ਹੁਸ਼ਿਆਰਪੁਰ

# ਸੰਦੇਸ਼

ਸ਼੍ਰੀ ਜਸਪਾਲ ਸਿੰਘ ਜੀ ਕੰਪਿਊਟਰ ਸਾਇੰਸ ਵਿਸ਼ੇ ਨੂੰ ਵਿਦਿਆਰਥੀਆਂ ਨਾਲ ਜੋੜਨ ਲਈ ਬੜੀ ਮਿਹਨਤ ਕਰ ਰਹੇ ਹਨ। ਉਹਨਾਂ ਵਲੋਂ ਪਿਛਲੇ ਕਾਫੀ ਸਮੇਂ ਤੋਂ ਵੱਖ-ਵੱਖ ਗਤੀਵਿਧੀਆਂ ਰਾਹੀਂ ਵਿਦਿਆਰਥੀਆਂ ਨੂੰ ਕੰਪਿਊਟਰ ਸਾਇੰਸ ਵਿਸ਼ੇ ਨਾਲ਼ ਜੋੜਨ ਵਾਸਤੇ ਆਡੀਓਜ਼, ਵੀਡੀਓਜ਼, ਗੂਗਲ ਫਾਰਮ, ਆਨਲਾਈਨ ਟੈਸਟ, ਹੋਰ ਰੋਚਕ ਗਤੀਵਿਧੀਆਂ ਰਾਹੀਂ ਕੰਪਿਊਟਰ ਸਾਇੰਸ ਵਿਸ਼ੇ ਵਿੱਚ ਰੁਚੀ ਪੈਦਾ ਕਰਨ ਲਈ ਉਪਰਾਲੇ ਕੀਤੇ ਜਾਂ ਰਹੇ ਹਨ ਅਤੇ ਉਨ੍ਹਾਂ ਵਲੋਂ ਇਸ ਮੈਗਜ਼ੀਨ ਰਾਹੀ ਵਿਦਿਆਰਥੀਆਂ ਦੇ ਅੰਦਰ ਛਿਪੀ ਲਿਖਤ ਦੀ ਕਲਾਂ ਨੂੰ ਨਿਖਾਰਨ ਦਾ ਵਧੀਆਂ ਉਪਰਾਲਾ ਕੀਤਾ ਗਿਆ ਹੈ। ਇਸ ਨਾਲ ਵਿਦਿਆਰਥੀਆਂ ਦੀ ਕਲਾਂ ਨੂੰ ਉਭਾਰਨ ਦੇ ਨਾਲ-ਨਾਲ ਉਨ੍ਹਾਂ ਦੇ ਗਿਆਨ ਵਿੱਚ ਵੀ ਵਾਧਾ ਹੋ ਰਿਹਾਂ ਹੈ। ਜਿਸ ਤਰ੍ਹਾਂ ਅਸੀਂ ਬੜੀ ਤੇਜੀ ਨਾਲ ਸ਼ੋਸਲ ਮੀਡੀਆ ਨਾਲ ਜੁੜ ਰਹੇ ਹਾਂ ਉਸੇ ਤਰ੍ਹਾਂ ਸਾਈਬਰ ਕ੍ਰਾਇਮ ਦਾ ਵੀ ਪਸਾਰ ਵੱਧ ਰਿਹਾਂ ਹੈ। ਇਸ ਲਈ ਸਮੇ-ਸਮੇਂ ਤੇ ਇਸ ਤਰ੍ਹਾਂ ਦੇ ਉਪਰਾਲੇ ਹੋਣੇ ਚਾਹੀਦੇ ਹਨ ਜਿਸ ਨਾਲ ਵਿਦਿਆਰਥੀਆਂ ਦੇ ਗਿਆਨ ਵਿੱਚ ਵਾਧੇ ਦੇ ਨਾਲ-ਨਾਲ ਉਨ੍ਹਾਂ ਨੂੰ ਇਸ ਡਿਜੀਟਲ ਯੁੱਗ ਵਿੱਚ ਸਾਈਬਰ ਸੁਕਿਉਰਟੀ ਬਾਰੇ ਸੁਚੇਤ ਕਰਵਾਇਆ ਜਾ ਸਕੇ। ਕਿਉਂਕਿ ਇਹ ਵਿਦਿਆਰਥੀ ਹੀ ਸਾਡੇ ਦੇਸ਼ ਦਾ ਭਵਿੱਖ ਹਨ। ਇਸ ਲਈ ਮੈਂ ਉਨ੍ਹਾਂ ਦੇ ਨਾਲਜ ਹੱਬ ਕੰਪਿਊਟਰ ਸਾਇੰਸ ਈ-ਮੈਗਜ਼ੀਨ ਨੂੰ ਪ੍ਰਕਾਸ਼ਿਤ ਕਰਨ ਲਈ ਦਿਲੋਂ ਵਧਾਈ ਦਿੰਦਾ ਹਾਂ। ਮੈ ਆਸ ਕਰਦਾ ਹਾਂ ਕਿ ਉਹ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਕੰਪਿਊਟਰ ਸਾਇੰਸ ਵਿਸ਼ੇ ਵਾਸਤੇ ਕੰਮ ਕਰਦੇ ਰਹਿਣਗੇ।

ਸ਼ੁੱਭ ਕਾਮਨਾਵਾਂ ਸਹਿਤ।

ਮਨਿੰਦਰ ਸਿੰਘ
ਡੀ.ਐਮ.
ਕੰਪਿਊਟਰ ਸਾਇੰਸ
ਫਤਿਹਗੜ੍ਹ ਸਾਹਿਬ

e-Magazine

# index


| | | |
|---|---|---|
| 1. | ਕੰਪਿਊਟਰ ਦੀ ਸਚਾਈ (ਕਵਿਤਾ) | P:1 |
| 2. | Future In Computer (Article) | P:2 |
| 3. | ਕੰਪਿਊਟਰ ਦਾ ੳ ਅ .... (ਲੇਖ) | P: 3-8 |
| 4. | कंप्यूटर (कविता) | P:9 |
| 5. | Artificial intelligence (Article) | P:10 |
| 6. | ਵਰਚੁਅਲ ਇੰਫਲੂਐਂਸਰ (ਲੇਖ) | P:11-13 |
| 7. | ਸਾਫ਼ਟਵੇਅਰ ਦੀ ਪ੍ਰੀਭਾਸ਼ਾ (ਲੇਖ) | P:14 |
| 8. | ਸਾਈਬਰ ਅਪਰਾਧ (ਲੇਖ) | P:15 |
| 9. | ਬੁਝਾਰਤਾਂ | P:16 |
| 10. | HISTORY OF COMPUTER (Article) | P:17 |
| 11. | ਕੰਪਿਊਟਰ ਨਾਲ ਕਰੀਏ ਜਾਣ-ਪਛਾਣ (ਕਵਿਤਾ) | P:18 |
| 12. | ਸਾਫ਼ਟਵੇਅਰ ਪ੍ਰੋਗਰਾਮਿੰਗ (ਲੇਖ) | P:19-20 |
| 13. | ਆਰਟੀਫਿਸ਼ੀਅਲ ਇੰਟੈਲੀਜੈਂਸ (ਲੇਖ) | P:21-22 |
| 14. | ਨੈੱਟਵਰਕ ਦੀ ਜ਼ਰੂਰਤ (ਲੇਖ) | P:23 |
| 15. | Advantages of information technology (Article) | P:24 |


e-Magazine

knowledge hub

e-Magazine

# index


16. Do You Know P:25
17. Fun Facts About Computers P:26
18. Interesting Facts About Computers P: 27
19. Cool Facts About Computers P:28
20. Random Computer Facts P:29
21. Amazing Facts About Computers P:30
22. Uses of Functional Keys P:31
23. Cyber Security Tips P:32
24.
25.
26.
27.
28.
29.
30.


e-Magazine

knowledge hub



# “ਕੰਪਿਊਟਰ ਦੀ ਸਚਾਈ”

ਮੈਂ ਹਾਂ ਕੰਪਿਊਟਰ, ਮੈਂ ਹਾਂ ਕੰਪਿਊਟਰ
ਕਰਦੇ ਸਾਰੇ ਮੇਰੀ ਵਰਤੋਂ
ਪਰ ਪੁੱਛਦੇ ਨੀ ਮੇਰਾ ਹਾਲ
ਚਾਹੁੰਦੇ ਕੰਮ ਨੂੰ ਫਟਾ-ਫਟ ਕਰਨਾ
ਕਰਦੇ ਨੇ ਮੇਰਾ ਬੜਾ ਬੁਰਾ ਹਾਲ
ਨਿੱਕੀ ਜਿਹੀ ਮਸ਼ੀਨ ਹਾਂ ਮੈਂ
ਬਣਿਆਂ ਸੁਪਰ ਕੰਪਿਊਟਰ ਮੇਰੇ ਤੋਂ ਬੜੇ ਸਾਲਾ ਬਾਅਦ
ਪਰ ਅੱਜ ਕੱਲ ਮੇਰੀ ਹੁੰਦੀ ਦੁਰਵਰਤੋਂ
ਜਿਸ ਨਾਲ ਹੋ ਰਿਹਾ ਹੈ ਸਾਇਬਰ ਕਰਾਇਮ ਦਾ ਪਸਾਰ
ਹੋ ਜਾਵੋ ਤੁਸੀਂ ਸਮਝਦਾਰ ਅਤੇ ਡਿਜੀਟਲ
ਤਾਂ ਕੋਈ ਨਾ ਤੁਹਾਡਾ ਕਰੇ ਇਸ ਤਰ੍ਹਾਂ ਬੁਰਾ ਹਾਲ
ਕੀ ਤੁਸੀਂ ਹੋ ਜਾਵੋ ਜੇਬ ਤੋਂ ਕੰਗਾਲ
ਆਓ, ਕਰੀਏ ਕੰਪਿਊਟਰ ਦੀ ਸਹੀਂ ਵਰਤੋਂ
ਕਰੀਏ ਕਲਿੱਕ ਨਾ ਕਿਸੇ ਅਣਜਾਣ ਲਿੰਕ ‘ਤੇ
ਕਰੀਏ ਨਾ ਸ਼ੇਅਰ ਕੋਈਂ ਓ.ਟੀ.ਪੀ., ਪਾਸਵਰਡ
ਅਤੇ ਨਾਂ ਹੀ ਕੋਈ ਪਿੰਨ
ਸਾਇਬਰ ਸਕਿਊਰਿਟੀ ਦੇ ਤਰੀਕਿਆਂ ਨੂੰ ਸਿੱਖ ਕੇ
ਕਰੀਏ ਸਹੀ ਢੰਗ ਨਾਲ ਕੰਪਿਊਟਰ ਦਾ ਇਸਤੇਮਾਲ

ਜਸਪਾਲ ਸਿੰਘ (ਕੰਪਿਊਟਰ ਫੈਕਲਟੀ)
ਸ. ਸ. ਸ. ਸ. ਨਾਰੂ ਨੰਗਲ,
ਹੁਸ਼ਿਆਰਪੁਰ



# Future In Computer

Computers are leading in a very interesting direction that nobody is able to predict. Let's discuss some of the important areas of computer

1. Future trends in software, these are neural networks, improved user interfaces, data hiding and image compression etc., where as these trends in hardware are towards molecular switches, quantum computers, nano computers, electronic digital paper and augmented reality.

2. A very important area towards future trends is Artificial Intelligence, one aspect of it "Speech. Recognition" is already in use. It is frequently used in call centres, banks, insurance Companies. and brokerage centuries etc. Robots are specialised applications which are providing valuable service in real time.

3. Nano technology is another area what the future holds. Nano technology is expected to have a profound impact on the people around the globe. advances are likely to continue in future.

4. using the above mentions areas, Researches and Development will become more advanced, faster and more efficient. Tracking the cyber criminals will become easy with computers

Renuka
12th (Commerce)
GSSS Naru Nangal
Hoshiarpur

# ੳ ਅ ੲ ਸ ...

ਪਿਆਰੇ ਵਿਦਿਆਰਥੀਓ, ਅੱਜ ਦੇ ਯੁੱਗ ਨੂੰ ਜੇਕਰ ਕੰਪਿਊਟਰ ਦਾ ਯੁੱਗ ਆਖ ਲਿਆ ਜਾਵੇ ਤਾਂ ਇਹ ਕੋਈ ਅਤਕਥਿਨੀ ਨਹੀਂ ਹੋਵੇਗੀ ਕਿਉਂਕਿ ਅੱਜ ਕੰਪਿਊਟਰ ਦੀ ਵਰਤੋਂ ਹਰ ਖੇਤਰ ਵਿੱਚ ਹੋ ਰਹੀ ਹੈ। ਇਸ ਦੀਆਂ ਬਹੁਪੱਖੀ ਸੇਵਾਵਾਂ ਸਾਡੇ ਜੀਵਨ ਦਾ ਅਟੁੱਟ ਹਿੱਸਾ ਬਣ ਚੁੱਕੀਆਂ ਹਨ। ਸੋ, ਅੱਜ ਮੈਂ ਤੁਹਾਡੇ ਲਈ ਆਪਣੀ ਮਾਂ-ਬੋਲੀ ਪੰਜਾਬੀ ਦੀ ਵਰਣਮਾਲਾ ਅਨੁਸਾਰ ਕੰਪਿਊਟਰ ਦਾ ੳ ਅ  ਲੈ ਕੇ ਆਇਆ ਹਾਂ, ਉਮੀਦ ਹੈ ਕਿ ਤੁਸੀਂ ਪਸੰਦ ਕਰੋਗੇ ਤੇ ਕੰਪਿਊਟਰ ਨਾਲ ਸੰਬੰਧਿਤ ਇਨ੍ਹਾਂ ਸ਼ਬਦਾਂ ਬਾਰੇ ਤੁਹਾਡੀ ਜਾਣਕਾਰੀ ਵਿੱਚ ਵੀ ਵਾਧਾ ਹੋਵੇਗਾ.....

**ੳ—ਉਤਾਰਨਾ (ਡਾਊਨਲੋਡ):** ਕੰਪਿਊਟਰ ਨੈੱਟਵਰਕ ਵਿੱਚ, ਡਾਊਨਲੋਡ ਤੋਂ ਭਾਵ ਰਿਮੋਟ ਸਿਸਟਮ ਤੋਂ ਡਾਟਾ ਪ੍ਰਾਪਤ ਕਰਨਾ ਹੈ: ਖਾਸ ਤੌਰ 'ਤੇ ਇੱਕ ਸਰਵਰ ਜਿਵੇਂ ਕਿ ਇੱਕ ਵੈੱਬ ਸਰਵਰ, ਇੱਕ ਐਫ.ਟੀ.ਪੀ(ਫਾਈਲ ਟਰਾਂਸਫਰ ਪ੍ਰੋਟੋਕਾਲ)ਸਰਵਰ, ਇੱਕ ਈਮੇਲ ਸਰਵਰ, ਜਾਂ ਹੋਰ ਸਮਾਨ ਸਿਸਟਮ ਤੋਂ ਆਦਿ।

**ਅ—ਅੰਤਰਜਾਲ (ਇੰਟਰਨੈੱਟ):** ਇੰਟਰਨੈਟ ਇੱਕ ਵਿਸ਼ਾਲ ਨੈਟਵਰਕ ਹੈ ਜੋ ਪੂਰੀ ਦੁਨੀਆ ਦੇ ਕੰਪਿਊਟਰਾਂ ਨੂੰ ਆਪਸ ਵਿੱਚ ਜੋੜਦਾ ਹੈ। ਇੰਟਰਨੈੱਟ ਰਾਹੀਂ, ਅਸੀਂ ਕਿਸੇ ਨਾਲ ਵੀ ਆਨਲਾਈਨ ਸੰਪਰਕ ਅਤੇ ਸੰਚਾਰ ਕਰ ਸਕਦੇ ਹਾਂ। ਕੰਪਿਊਟਰ ਵਿਗਿਆਨੀ 'ਵਿੰਟ ਸਰਫ' ਅਤੇ 'ਬੌਬ ਕਾਨ' ਨੂੰ ਇੰਟਰਨੈੱਟ ਸੰਚਾਰ ਪ੍ਰੋਟੋਕੋਲ ਦੀ ਖੋਜ ਕਰਨ ਦਾ ਸਿਹਰਾ ਦਿੱਤਾ ਜਾਂਦਾ ਹੈ। ਇਸ ਦੀ ਹਾਂ-ਪੱਖੀ ਵਰਤੋਂ ਸਾਡੇ ਲਈ ਗਿਆਨ ਅਤੇ ਜੀਵਨ ਵਿੱਚ ਤਰੱਕੀ ਦੇ ਨਿਤ ਨਵੇਂ ਰਾਹ ਖੋਲਦੀ ਹੈ।

**ੲ—ਇਤਿਹਾਸ (ਹਿਸਟਰੀ):** ਵੈੱਬ ਬ੍ਰਾਊਜ਼ਿੰਗ ਇਤਿਹਾਸ ਉਹਨਾਂ ਵੈੱਬ ਪੰਨਿਆਂ ਦੀ ਸੂਚੀ ਨੂੰ ਦਰਸਾਉਂਦਾ ਹੈ ਜਿਹੜੇ ਉਪਭੋਗਤਾ ਦੁਆਰਾ ਵਿਜ਼ਿਟ ਕੀਤੇ ਗਏ ਹੁੰਦੇ ਹਨ, ਨਾਲ ਹੀ ਸੰਬੰਧਿਤ ਮੈਟਾ ਡੇਟਾ ਜਿਵੇਂ ਕਿ ਪੰਨੇ ਦਾ ਸਿਰਲੇਖ ਅਤੇ ਵਿਜ਼ਿਟ ਦਾ ਸਮਾਂ। ਇਹ ਆਮ ਤੌਰ 'ਤੇ ਵੈੱਬ ਬ੍ਰਾਊਜ਼ਰਾਂ ਦੁਆਰਾ ਸਥਾਨਕ ਤੌਰ 'ਤੇ ਸਟੋਰ ਕੀਤਾ ਜਾਂਦਾ ਹੈ ਤਾਂ ਜੋ ਉਪਭੋਗਤਾ ਨੂੰ ਪਹਿਲਾਂ ਦੇਖੇ ਗਏ ਪੰਨਿਆਂ 'ਤੇ ਵਾਪਸ ਜਾਣ ਲਈ ਇਤਿਹਾਸ ਦੀ ਸੂਚੀ ਪ੍ਰਦਾਨ ਕੀਤੀ ਜਾ ਸਕੇ। ਇਹ ਉਪਭੋਗਤਾ ਦੀਆਂ ਰੁਚੀਆਂ, ਲੋੜਾਂ ਅਤੇ ਬ੍ਰਾਊਜ਼ਿੰਗ ਆਦਤਾਂ ਨੂੰ ਦਰਸਾ ਸਕਦਾ ਹੈ।

**ਸ--ਸਰੋਤ-ਸੰਕੇਤ (ਸੋਰਸ ਕੋਡ):** ਸਰੋਤ ਕੋਡ ਨੂੰ ਆਮ ਤੌਰ 'ਤੇ ਪ੍ਰੋਗ੍ਰਾਮਿੰਗ ਸਟੇਟਮੈਂਟਾਂ ਦਾ ਮਤਲਬ ਸਮਝਿਆ ਜਾਂਦਾ ਹੈ ਜੋ ਇੱਕ ਪ੍ਰੋਗਰਾਮਰ ਦੁਆਰਾ ਟੈਕਸਟ ਐਡੀਟਰ ਜਾਂ ਵਿਜ਼ੂਅਲ ਪ੍ਰੋਗਰਾਮਿੰਗ ਟੂਲ ਨਾਲ ਬਣਾਏ ਜਾਂਦੇ ਹਨ ਅਤੇ ਫਿਰ ਇੱਕ ਫਾਈਲ ਵਿੱਚ ਸੁਰੱਖਿਅਤ ਕੀਤੇ ਜਾਂਦੇ ਹਨ। ਸ੍ਰੋਤ ਕੋਡ ਮਨੁੱਖੀ-ਪੜ੍ਹਨ ਯੋਗ ਨਿਰਦੇਸ਼ਾਂ ਦੀ ਸੂਚੀ ਹੈ ਜੋ ਇੱਕ ਪ੍ਰੋਗਰਾਮਰ ਲਿਖਦਾ ਹੈ। ਅਕਸਰ ਇੱਕ ਵਰਡ ਪ੍ਰੋਸੈਸਿੰਗ ਪ੍ਰੋਗਰਾਮ ਵਿੱਚ ਜਦੋਂ ਉਹ ਇੱਕ ਪ੍ਰੋਗਰਾਮ ਵਿਕਸਿਤ ਕਰ ਰਿਹਾ ਹੁੰਦਾ ਹੈ। ਸਰੋਤ ਕੋਡ ਨੂੰ ਮਸ਼ੀਨ ਕੋਡ ਵਿੱਚ ਬਦਲਣ ਲਈ ਇੱਕ ਕੰਪਾਈਲਰ ਦੁਆਰਾ ਚਲਾਇਆ ਜਾਂਦਾ ਹੈ, ਜਿਸਨੂੰ ਆਬਜੈਕਟ ਕੋਡ ਵੀ ਕਿਹਾ ਜਾਂਦਾ ਹੈ, ਜਿਸਨੂੰ ਇੱਕ ਕੰਪਿਊਟਰ ਸਮਝ ਸਕਦਾ ਹੈ ਅਤੇ ਚਲਾ ਸਕਦਾ ਹੈ।



# ੳ ਅ ੲ ਸ ...

**ਹ—ਹਟਾਉਣਾ (ਡਿਲੀਟ):** ਡਿਲੀਟ ਤੋਂ ਭਾਵ ਕੰਪਿਊਟਰ ਦੇ ਅਜਿਹੇ ਨਿਰਦੇਸ਼ (ਕਮਾਂਡ) ਤੋਂ ਹੈ ਜਿਸ ਦੀ ਵਰਤੋਂ ਕੰਪਿਊਟਰ ਵਿੱਚ ਕਿਸੇ ਵੀ ਫਾਈਲ ਨੂੰ ਹਟਾਉਣ ਜਾਂ ਮਿਟਾਉਣ ਲਈ ਕੀਤੀ ਜਾਂਦੀ ਹੈ। ਤੁਸੀਂ ਇਸ ਦੀ ਵਰਤੋਂ ਕਰਕੇ ਆਪਣੀ ਹਾਰਡ ਡਰਾਈਵ ਤੋਂ ਕਿਸੇ ਇੱਕ ਦਸਤਾਵੇਜ਼ ਤੋਂ ਟੈਕਸਟ ਜਾਂ ਫਿਰ ਪੂਰੀ ਫਾਈਲ ਜਾਂ ਫੋਲਡਰਾਂ ਨੂੰ ਮਿਟਾਉਣ ਲਈ ਵੀ ਕਰ ਸਕਦੇ ਹੋ।

**ਕ--ਕੇਂਦਰੀ ਪ੍ਰੀਕਿਰਿਆ ਯੰਤਰ (ਸੀ.ਪੀ.ਯੂ.):** ਇੱਕ ਸੈਂਟਰਲ ਪ੍ਰੋਸੈਸਿੰਗ ਯੂਨਿਟ, ਜਿਸ ਨੂੰ ਸੈਂਟਰਲ ਪ੍ਰੋਸੈਸਰ, ਮੇਨ ਪ੍ਰੋਸੈਸਰ ਜਾਂ ਸਿਰਫ਼ ਪ੍ਰੋਸੈਸਰ ਵੀ ਕਿਹਾ ਜਾਂਦਾ ਹੈ। ਕੇਂਦਰੀ ਪ੍ਰਕਿਰਿਆ ਯੰਤਰ ਵਿੱਚ ਹੇਠ ਲਿਖੀਆਂ ਵਿਸ਼ੇਸ਼ਤਾਵਾਂ ਸ਼ਾਮਲ ਹੁੰਦੀਆਂ ਹਨ ਸੀ.ਪੀ.ਯੂ. ਨੂੰ ਕੰਪਿਊਟਰ ਦਾ ਦਿਮਾਗ ਮੰਨਿਆ ਜਾਂਦਾ ਹੈ। ਸੀ.ਪੀ.ਯੂ. ਹਰ ਕਿਸਮ ਦੇ ਡੇਟਾ ਪ੍ਰੋਸੈਸਿੰਗ ਓਪਰੇਸ਼ਨ ਕਰਦਾ ਹੈ। ਇਹ ਡੇਟਾ, ਵਿੱਚਕਾਰਲੇ ਨਤੀਜੇ ਅਤੇ ਨਿਰਦੇਸ਼ਾਂ (ਪ੍ਰੋਗਰਾਮ) ਨੂੰ ਸਟੋਰ ਕਰਦਾ ਹੈ। ਇਹ ਕੰਪਿਊਟਰ ਦੇ ਸਾਰੇ ਹਿੱਸਿਆਂ ਦੇ ਸੰਚਾਲਨ ਨੂੰ ਨਿਯੰਤਰਿਤ ਕਰਦਾ ਹੈ।

**ਖ—ਖੋਜਣਾ (ਸਰਚ):** ਇਹ ਅੱਖਰਾਂ, ਸ਼ਬਦਾਂ, ਫਾਈਲਾਂ, ਵੈਬ ਪੇਜਾਂ, ਜਾਂ ਹੋਰ ਡੇਟਾ ਨੂੰ ਲੱਭਣ ਦਾ ਇੱਕ ਕਾਰਜ ਜਾਂ ਪ੍ਰਕਿਰਿਆ ਹੈ। ਸਾਰੇ ਹੀ ਓਪਰੇਟਿੰਗ ਸਿਸਟਮਾਂ, ਸਾਫ਼ਟਵੇਅਰ ਪ੍ਰੋਗਰਾਮਾਂ ਅਤੇ ਵੈੱਬਸਾਈਟਾਂ ਵਿੱਚ ਡਾਟਾ ਦਾ ਪਤਾ ਲਗਾਉਣ ਲਈ ਖੋਜ ਆਪਸ਼ਨ ਸ਼ਾਮਲ ਹੁੰਦੀ ਹੈ।

**ਗ--ਗੂਗਲ:** ਇੱਕ ਅਮਰੀਕੀ ਬਹੁ-ਰਾਸ਼ਟਰੀ ਤਕਨਾਲੋਜੀ ਕੰਪਨੀ ਹੈ ਜੋ ਇੰਟਰਨੈਟ-ਸਬੰਧਤ ਸੇਵਾਵਾਂ ਅਤੇ ਉਤਪਾਦਾਂ ਵਿੱਚ ਮੁਹਾਰਤ ਰੱਖਦੀ ਹੈ, ਜਿਸ ਵਿੱਚ ਆਨਲਾਈਨ ਵਿਗਿਆਪਨ ਤਕਨਾਲੋਜੀ, ਇੱਕ ਖੋਜ ਇੰਜਣ, ਕਲਾਉਡ ਕੰਪਿਊਟਿੰਗ, ਸਾਫ਼ਟਵੇਅਰ ਅਤੇ ਹਾਰਡਵੇਅਰ ਆਦਿ ਸ਼ਾਮਲ ਹਨ।

**ਘ—ਘੁਮਾਉਣਾ (ਸਕਰੋਲ):** ਸਕਰੋਲਿੰਗ ਜਾਂ ਸਕ੍ਰੋਲ, ਵਿੰਡੋ 'ਤੇ ਵਾਧੂ ਜਾਣਕਾਰੀ ਦੇਖਣ ਲਈ ਵਿੰਡੋ ਦੇ ਵਿਜ਼ੂਅਲ ਹਿੱਸਿਆਂ ਨੂੰ ਉੱਪਰ, ਹੇਠਾਂ, ਖੱਬੇ ਜਾਂ ਸੱਜੇ ਲਿਜਾਣ ਦਾ ਕੰਮ ਹੈ। ਤੁਹਾਡੀਆਂ ਸੈਟਿੰਗਾਂ ਅਤੇ ਤੁਸੀਂ ਕਿਵੇਂ ਸਕ੍ਰੋਲ ਕਰ ਰਹੇ ਹੋ, ਇਸ 'ਤੇ ਨਿਰਭਰ ਕਰਦੇ ਹੋਏ, ਸਕ੍ਰੋਲਿੰਗ ਇੱਕ ਸਮੇਂ ਵਿੱਚ ਇੱਕ ਲਾਈਨ ਜਾਂ ਇੱਕ ਸਮੇਂ ਵਿੱਚ ਇੱਕ ਪੰਨਾ ਹੋ ਸਕਦੀ ਹੈ

**ਙ...**

**ਚ—ਚੜ੍ਹਾਉਣਾ (ਅਪਲੋਡ):** ਕਿਸੇ ਚੀਜ਼ (ਜਿਵੇਂ ਕਿ ਡਾਟਾ ਜਾਂ ਫਾਈਲਾਂ) ਨੂੰ ਕਿਸੇ ਕੰਪਿਊਟਰ ਜਾਂ ਹੋਰ ਡਿਜੀਟਲ ਡਿਵਾਈਸ ਤੋਂ ਕਿਸੇ ਹੋਰ ਡਿਵਾਈਸ (ਜਿਵੇਂ ਕਿ ਇੱਕ ਵੱਡੇ ਜਾਂ ਰਿਮੋਟ ਸਰਵਰ ਕੰਪਿਊਟਰ) ਉਪਰ ਖਾਸ ਤੌਰ 'ਤੇ ਇੰਟਰਨੈਟ ਰਾਹੀਂ ਟ੍ਰਾਂਸਫਰ ਕਰਨ ਲਈ।



# ੳ ਅ ੲ ਸ...

**ਛ--ਛਾਪਾਈ ਯੰਤਰ (ਪ੍ਰਿੰਟਰ):** ਪ੍ਰਿੰਟਰ ਇੱਕ ਅਜਿਹਾ ਇਲੈਕਟ੍ਰਾਨਿਕ ਯੰਤਰ ਜੋ ਕੰਪਿਊਟਰ ਤੋਂ ਟੈਕਸਟ ਫਾਈਲਾਂ ਜਾਂ ਚਿੱਤਰਾਂ ਨੂੰ ਸਵੀਕਾਰ ਕਰਦਾ ਹੈ ਅਤੇ ਉਹਨਾਂ ਨੂੰ ਕਾਗਜ਼ ਜਾਂ ਫਿਲਮ ਵਰਗੇ ਮਾਧਿਅਮ ਵਿੱਚ ਟ੍ਰਾਂਸਫਰ ਕਰਦਾ ਹੈ। ਅੱਜ-ਕੱਲ੍ਹ ਬਹੁਤ ਹੀ ਉੱਚ ਪੱਧਰੀ ਗੁਣਵਤਾ ਵਾਲੇ ਪ੍ਰਿੰਟਰ ਬਜ਼ਾਰ ਵਿੱਚ ਉਪਲਬਧ ਹਨ।

**ਜ--ਜਾਵਾ:** ਜਾਵਾ ਇੱਕ ਉੱਚ ਪੱਧਰੀ, ਮਜ਼ਬੂਤ, ਆਬਜੈਕਟ-ਅਧਾਰਿਤ ਅਤੇ ਸੁਰੱਖਿਅਤ ਪ੍ਰੋਗਰਾਮਿੰਗ ਭਾਸ਼ਾ ਹੈ। ਜਾਵਾ ਨੂੰ 'ਸਨ ਮਾਈਕ੍ਰੋਸਿਸਟਮ' ਦੁਆਰਾ ਸਾਲ 1995 ਵਿੱਚ ਵਿਕਸਤ ਕੀਤਾ ਗਿਆ ਸੀ। 'ਜੇਮਸ ਗੋਸਲਿੰਗ' ਨੂੰ ਜਾਵਾ ਦੇ ਪਿਤਾ ਵਜੋਂ ਜਾਣਿਆ ਜਾਂਦਾ ਹੈ। ਜਾਵਾ ਤੋਂ ਪਹਿਲਾਂ ਇਸਦਾ ਨਾਮ 'ਓਕ' ਸੀ, 'ਓਕ' ਰੁੱਖ ਦਾ ਨਾਮ ਹੈ ਜੋ ਕਿ ਗੋਸਲਿੰਗ ਦੇ ਦਫਤਰ ਦੇ ਬਾਹਰ ਮੌਜੂਦ ਸੀ ਕਿਉਂਕਿ 'ਓਕ' ਪਹਿਲਾਂ ਹੀ ਇੱਕ ਰਜਿਸਟਰਡ ਕੰਪਨੀ ਸੀ, ਇਸ ਲਈ ਜੇਮਜ਼ ਗੋਸਲਿੰਗ ਅਤੇ ਉਸਦੀ ਟੀਮ ਨੇ ਨਾਮ ਨੂੰ 'ਓਕ' ਤੋਂ ਇੰਡੋਨੇਸ਼ੀਆ ਦੀ ਇੱਕ ਕਿਸਮ ਦੀ ਕੌਫੀ ਦੇ ਨਾਮ ਤੋਂ 'ਜਾਵਾ' ਵਿੱਚ ਬਦਲ ਦਿੱਤਾ।

**ਝ—ਝਰੋਖਾ (ਵਿੰਡੋਜ):** ਮਾਈਕ੍ਰੋਸਾਫਟ ਵਿੰਡੋਜ਼, ਜਿਸਨੂੰ ਆਮ ਤੌਰ 'ਤੇ ਸਿਰਫ਼ 'ਵਿੰਡੋਜ਼' ਕਿਹਾ ਜਾਂਦਾ ਹੈ, ਕਈ ਮਲਕੀਅਤ ਵਾਲੇ ਗ੍ਰਾਫਿਕਲ ਓਪਰੇਟਿੰਗ ਸਿਸਟਮ ਪਰਿਵਾਰਾਂ ਦਾ ਇੱਕ ਸਮੂਹ ਹੈ, ਜੋ ਸਾਰੇ ਮਾਈਕ੍ਰੋਸਾਫਟ, ਦੁਆਰਾ ਵਿਕਸਤ ਕੀਤੇ ਜਾਂਦੇ ਹਨ। ਮਾਈਕਰੋਸਾਫਟ ਨੇ ਗ੍ਰਾਫਿਕਲ ਯੂਜ਼ਰ ਇੰਟਰਫੇਸ ਵਿੱਚ ਵਧਦੀ ਦਿਲਚਸਪੀ ਦੇ ਜਵਾਬ ਵਿੱਚ ਐਮ. ਐਸ. ਡਾਸ ਲਈ ਇੱਕ ਗ੍ਰਾਫਿਕਲ ਓਪਰੇਟਿੰਗ ਸਿਸਟਮ ਸ਼ੈੱਲ ਦੇ ਰੂਪ ਵਿੱਚ 20 ਨਵੰਬਰ 1985 ਨੂੰ ਵਿੰਡੋਜ਼ ਨਾਮ ਦਾ ਇੱਕ ਓਪਰੇਟਿੰਗ ਵਾਤਾਵਰਣ ਪੇਸ਼ ਕੀਤਾ। ਅੱਜ-ਕੱਲ੍ਹ ਵਿੰਡੋਜ਼ 11 ਬਜ਼ਾਰ ਵਿੱਚ ਉਪਲਬਧ ਹੈ। ਇੱਕ ਓਪਰੇਟਿੰਗ ਸਿਸਟਮ ਇੱਕ ਸਿਸਟਮ ਸਾਫ਼ਟਵੇਅਰ ਹੈ ਜੋ ਕੰਪਿਊਟਰ ਹਾਰਡਵੇਅਰ, ਸਾਫ਼ਟਵੇਅਰ ਸ੍ਰੋਤਾਂ ਦਾ ਪ੍ਰਬੰਧਨ ਕਰਦਾ ਹੈ ਅਤੇ ਕੰਪਿਊਟਰ ਪ੍ਰੋਗਰਾਮਾਂ ਲਈ ਆਮ ਸੇਵਾਵਾਂ ਪ੍ਰਦਾਨ ਕਰਦਾ ਹੈ।

**ਞ...**

**ਟ--ਟਿਪਣੀਆਂ(ਕੰਮੈਂਟ):** ਇੱਕ ਟਿੱਪਣੀ ਇੱਕ ਜਾਂ ਇੱਕ ਤੋਂ ਵੱਧ ਵਾਕ ਹੁੰਦੇ ਹਨ ਜੋ ਕੋਡ ਦੇ ਇੱਕ ਭਾਗ ਦੇ ਉਦੇਸ਼ ਦੀ ਵਿਆਖਿਆ ਕਰਦੇ ਹਨ। ਇੱਕ ਟਿੱਪਣੀ ਉਸ ਕੋਡ ਤੋਂ ਠੀਕ ਪਹਿਲਾਂ (ਜਾਂ ਬਾਅਦ ਵਿੱਚ) ਰੱਖੀ ਜਾਂਦੀ ਹੈ ਜਿਸਦਾ ਇਹ ਹਵਾਲਾ ਦਿੰਦਾ ਹੈ। ਚੰਗੀ ਤਰ੍ਹਾਂ ਲਿਖੀਆਂ ਟਿੱਪਣੀਆਂ ਵਿਆਖਿਆ ਕਰਦੀਆਂ ਹਨ: ਪ੍ਰੋਗਰਾਮ ਦਾ ਨਾਮ ਅਤੇ ਇਸਦੇ ਲੇਖਕ ਪ੍ਰੋਗਰਾਮਰ ਕੋਡ ਨੂੰ ਕੀ ਕਰਨਾ ਚਾਹੁੰਦਾ ਹੈ, ਕੀ ਪ੍ਰੋਗਰਾਮਰ ਸੋਚਦਾ ਹੈ ਕਿ ਕੋਡ ਨੂੰ ਬਿਹਤਰ ਢੰਗ ਨਾਲ ਲਿਖਿਆ ਜਾ ਸਕਦਾ ਹੈ।





ਜਿੱਥੇ ਪ੍ਰੋਗਰਾਮ ਅਧੂਰਾ ਹੋ ਸਕਦਾ ਹੈ ਜਾਂ ਅੱਪਡੇਟ ਕਰਨ ਦੀ ਲੋੜ ਹੋ ਸਕਦੀ ਹੈ। ਅੱਜ-ਕੱਲ੍ਹ ਬਿਜਲਈ ਸੱਥ ਉਪਰ ਵੀ ਟਿਪਣੀਆਂ ਰਾਹੀ ਆਪਣੀ ਰਾਏ ਰੱਖਣ ਦਾ ਵਿਕਲਪ ਦਿੱਤਾ ਗਿਆ ਹੈ।

**ਠ--ਠੀਕਾ ਬਕਸਾ(ਚੈੱਕ ਬਾਕਸ):** ਕੰਪਿਊਟਿੰਗ ਵਿੱਚ, ਇੱਕ ਚੈਕਬਾਕਸ ਇੱਕ ਗ੍ਰਾਫਿਕਲ ਉਪਭੋਗਤਾ ਇੰਟਰਫੇਸ ਤੱਤ ਹੁੰਦਾ ਹੈ ਜੋ ਉਪਭੋਗਤਾ ਨੂੰ ਕਈ ਵਿਕਲਪਾਂ ਵਿੱਚੋਂ ਇੱਕ ਤੋਂ ਵੱਧ ਚੋਣ ਕਰਨ ਦੀ ਇਜਾਜ਼ਤ ਦਿੰਦਾ ਹੈ ਜਾਂ ਇੱਕ ਸਧਾਰਨ ਹਾਂ/ਨਹੀਂ ਸਵਾਲ 'ਤੇ ਉਪਭੋਗਤਾ ਨੂੰ ਹਾਂ ਜਾਂ ਨਾਂਹ ਵਿੱਚ ਜਵਾਬ ਦਿੰਦਾ ਹੈ। ਆਮ ਤੌਰ 'ਤੇ, ਸਕਰੀਨ 'ਤੇ ਚੈਕਬਾਕਸ ਨੂੰ ਇੱਕ ਵਰਗ ਬਾਕਸ ਦੇ ਰੂਪ ਵਿੱਚ ਦਿਖਾਇਆ ਜਾਂਦਾ ਹੈ।

**ਡ—ਡਾਕਘਰ (ਮੇਲ ਬਾਕਸ):** ਇੱਕ ਮੇਲ ਬਾਕਸ (ਇਲੈਕਟ੍ਰਾਨਿਕ ਮੇਲ ਬਾਕਸ, ਈਮੇਲ ਬਾਕਸ, ਈਮੇਲ ਮੇਲ ਬਾਕਸ, ਈ-ਮੇਲ ਬਾਕਸ) ਉਹ ਆਨਲਾਈਨ ਥਾਂ ਹੈ ਜਿੱਥੇ ਇਲੈਕਟ੍ਰਾਨਿਕ ਮੇਲ ਸੁਨੇਹੇ ਡਿਲੀਵਰ ਕੀਤੇ ਜਾਂਦੇ ਹਨ। ਇਹ ਡਾਕ ਪ੍ਰਣਾਲੀ ਵਿੱਚ ਇੱਕ ਲੈਟਰ ਬਾਕਸ ਦੇ ਬਰਾਬਰ ਹੈ। ਈ-ਮੇਲ ਸਾਫ਼ਟਵੇਅਰ ਆਮ ਤੌਰ 'ਤੇ ਮੇਲ ਬਾਕਸ ਨੂੰ ਵੱਖਰੇ ਫੋਲਡਰਾਂ ਵਿੱਚ ਵੰਡਦੇ ਹਨ, ਖਾਸ ਤੌਰ 'ਤੇ ਇਨ ਬਾਕਸ, ਆਊਟ ਬਾਕਸ, ਭੇਜੀਆਂ ਆਈਟਮਾਂ ਅਤੇ ਮਿਟਾਈਆਂ ਗਈਆਂ ਆਈਟਮਾਂ।

**ਢ—ਢੰਗ (ਮੈਥਡੰਜ):** ਆਬਜੈਕਟ-ਓਰੀਐਂਟਡ ਪ੍ਰੋਗਰਾਮਿੰਗ ਵਿੱਚ ਇੱਕ ਢੰਗ: ਇੱਕ ਸੰਦੇਸ਼ ਅਤੇ ਇੱਕ ਆਬਜੈਕਟ ਨਾਲ ਜੁੜੀ ਇੱਕ ਪ੍ਰਕਿਰਿਆ ਹੈ। ਇੱਕ ਆਬਜੈਕਟ ਵਿੱਚ ਡਾਟਾ ਅਤੇ ਵਿਵਹਾਰ ਹੁੰਦਾ ਹੈ; ਇਹ ਇੱਕ ਇੰਟਰਫੇਸ ਬਣਾਉਂਦੇ ਹਨ, ਜੋ ਇਹ ਦਰਸਾਉਂਦਾ ਹੈ ਕਿ ਆਬਜੈਕਟ ਨੂੰ ਇਸਦੇ ਵੱਖ-ਵੱਖ ਖਪਤਕਾਰਾਂ ਦੁਆਰਾ ਕਿਵੇਂ ਵਰਤਿਆ ਜਾ ਸਕਦਾ ਹੈ।

**ਣ....**

**ਤ--ਤਤਕਾਲ ਸੁਨੇਹੇ (ਇੰਸਟੈਂਟ ਮੈਸਜਿੰਗ):** ਇਹ ਤਕਨਾਲੋਜੀ ਇੱਕ ਕਿਸਮ ਦੀ ਆਨਲਾਈਨ ਚੈਟ ਹੈ ਜੋ ਇੰਟਰਨੈਟ ਜਾਂ ਕਿਸੇ ਹੋਰ ਕੰਪਿਊਟਰ ਨੈਟਵਰਕ ਤੇ ਰੀਅਲ-ਟਾਈਮ ਟੈਕਸਟ ਪ੍ਰਸਾਰਣ ਦੀ ਆਗਿਆ ਦਿੰਦੀ ਹੈ।

**ਥ—ਥਾਂ (ਸਪੇਸ):** ਕੀਬੋਰਡ ਵਿੱਚ ਅੱਖਰਾਂ/ਸ਼ਬਦਾਂ ਵਿੱਚਕਾਰ ਖਾਲੀ ਥਾਂ ਦੇਣ ਲਈ ਵਰਤਿਆ ਜਾਣ ਵਾਲਾ ਸਭ ਤੋਂ ਵੱਡਾ ਬਟਨ, ਜਦੋਂ ਹਾਰਡ ਡਰਾਈਵ ਜਾਂ ਹੋਰ ਸਟੋਰੇਜ ਡਿਵਾਈਸਾਂ ਦੀ ਸਮਰੱਥਾ ਜਾਂ ਉਪਲਬਧ ਥਾਂ ਬਾਰੇ ਗੱਲ ਕੀਤੀ ਜਾਂਦੀ ਹੈ, ਤਾਂ ਥਾਂ ਦੀ ਵਰਤੋਂ ਡਿਸਕ ਵਿੱਚਲੇ ਥਾਂ ਦਾ ਵਰਣਨ ਕਰਨ ਲਈ ਕੀਤੀ ਜਾਂਦੀ ਹੈ।



# ੳ ਅ ੲ ਸ ...

**ਦ—ਦਸਤਾਵੇਜ (ਡਾਕੂਮੈਂਟ):** ਕੰਪਿਊਟਰ ਦਸਤਾਵੇਜ਼ ਇੱਕ ਸਾਫ਼ਟਵੇਅਰ ਐਪਲੀਕੇਸ਼ਨ ਦੁਆਰਾ ਬਣਾਈ ਗਈ ਇੱਕ ਫਾਈਲ ਨੂੰ ਕਿਹਾ ਜਾਂਦਾ ਹੈ। ਅਸਲ ਵਿੱਚ ਇਹ ਨਾਮ ਵਰਡ ਪ੍ਰੋਸੈਸਰ ਵਿੱਚ ਬਣੇ ਦਸਤਾਵੇਜ਼ਾਂ ਲਈ ਵਿਸ਼ੇਸ਼ ਤੌਰ 'ਤੇ ਵਰਤਿਆ ਜਾਂਦਾ ਹੈ।

**ਧ--ਧੁਨੀ ਕਾਰਡ (ਸਾਊਂਡ ਕਾਰਡ):** ਇੱਕ ਅੰਦਰੂਨੀ ਵਿਸਤਾਰ ਕਾਰਡ ਹੈ ਜੋ ਕੰਪਿਊਟਰ ਪ੍ਰੋਗਰਾਮਾਂ ਦੇ ਨਿਯੰਤਰਣ ਵਿੱਚ ਕੰਪਿਊਟਰ ਨੂੰ ਅਤੇ ਉਸ ਤੋਂ ਆਡੀਓ ਸਿਗਨਲਾਂ ਦਾ ਇਨਪੁੱਟ ਅਤੇ ਆਉਟਪੁੱਟ ਪ੍ਰਦਾਨ ਕਰਦਾ ਹੈ। ਸਾਊਂਡ ਕਾਰਡ ਸ਼ਬਦ ਪੇਸ਼ੇਵਰ ਆਡੀਓ ਐਪਲੀਕੇਸ਼ਨਾਂ ਲਈ ਵਰਤੇ ਜਾਣ ਵਾਲੇ ਬਾਹਰੀ ਆਡੀਓ ਇੰਟਰਫੇਸਾਂ 'ਤੇ ਵੀ ਲਾਗੂ ਹੁੰਦਾ ਹੈ।

**ਨ—ਨਿੱਜੀ (ਪਰਸਨਲ) ਕੰਪਿਊਟਰ:** ਇੱਕ ਆਮ-ਉਦੇਸ਼ ਵਾਲਾ ਕੰਪਿਊਟਰ ਹੁੰਦਾ ਹੈ ਜਿਸਦਾ ਆਕਾਰ, ਸਮਰੱਥਾਵਾਂ ਅਤੇ ਅਸਲੀ ਵਿਕਰੀ ਕੀਮਤ ਇਸ ਨੂੰ ਉਪਭੋਗਤਾਵਾਂ ਲਈ ਉਪਯੋਗੀ ਬਣਾਉਂਦੀ ਹੈ, ਇੱਕ ਨਿੱਜੀ ਕੰਪਿਊਟਰ ਇੱਕ ਡੈਸਕਟਾਪ ਕੰਪਿਊਟਰ ਜਾਂ ਇੱਕ ਲੈੱਪਟਾਪ, ਨੈੱਟਬੁੱਕ, ਟੈਬਲੇਟ ਜਾਂ ਇੱਕ ਹੈਂਡਹੈਲਡ ਪੀਸੀ ਹੋ ਸਕਦਾ ਹੈ।

**ਪ—ਪ੍ਰਸਤੁਤੀ (ਪ੍ਰੈਸਨਟੈਸ਼ਨ):** ਕੰਪਿਊਟਿੰਗ ਵਿੱਚ, ਇੱਕ ਪ੍ਰਸਤੁਤੀ ਪ੍ਰੋਗਰਾਮ (ਜਿਸਨੂੰ ਪ੍ਰਸਤੁਤੀ ਸਾਫ਼ਟਵੇਅਰ ਵੀ ਕਿਹਾ ਜਾਂਦਾ ਹੈ) ਇੱਕ ਸਾਫ਼ਟਵੇਅਰ ਪੈਕੇਜ ਹੁੰਦਾ ਹੈ ਜੋ ਇੱਕ ਸਲਾਈਡ ਸ਼ੋ ਦੇ ਰੂਪ ਵਿੱਚ ਜਾਣਕਾਰੀ ਪ੍ਰਦਰਸ਼ਿਤ ਕਰਨ ਲਈ ਵਰਤਿਆ ਜਾਂਦਾ ਹੈ।

**ਫ--ਫੌਂਟ:** ਇੱਕ ਫੌਂਟ ਇੱਕ ਖਾਸ ਸ਼ੈਲੀ ਅਤੇ ਆਕਾਰ ਵਿੱਚ ਛਪਣਯੋਗ ਜਾਂ ਪ੍ਰਦਰਸ਼ਿਤ ਕਰਨ ਯੋਗ ਟੈਕਸਟ ਅੱਖਰਾਂ ਦਾ ਇੱਕ ਸਮੂਹ ਹੁੰਦਾ ਹੈ। ਫੌਂਟਾਂ ਦੇ ਸੈੱਟ ਲਈ ਟਾਈਪ ਡਿਜ਼ਾਈਨ ਟਾਈਪਫੇਸ ਹੈ ਅਤੇ ਇਸ ਡਿਜ਼ਾਈਨ ਦੀਆਂ ਭਿੰਨਤਾਵਾਂ ਟਾਈਪਫੇਸ ਪਰਿਵਾਰ ਬਣਾਉਂਦੀਆਂ ਹਨ। ਇੱਕ ਫੌਂਟ ਇੱਕ ਸਮਾਨ ਡਿਜ਼ਾਈਨ ਵਾਲੇ ਅੱਖਰਾਂ ਦਾ ਸੰਗ੍ਰਹਿ ਹੈ। ਇਹਨਾਂ ਅੱਖਰਾਂ ਵਿੱਚ ਛੋਟੇ ਅਤੇ ਵੱਡੇ ਅੱਖਰ, ਨੰਬਰ, ਵਿਸ਼ਰਾਮ ਚਿੰਨ੍ਹ ਅਤੇ ਚਿੰਨ੍ਹ ਸ਼ਾਮਲ ਹਨ। ਉਦਾਹਰਨ ਵਜੋਂ:ਏਰੀਅਲ, ਟਾਈਮਜ਼ ਨਿਊ ਰੋਮਨ, ਅਨਮੋਲ ਲਿੱਪੀ, ਸਤਲੁੱਜ ਆਦਿ।

**ਬ– ਬਾਹਰੀ (ਐਕਸਟਰਨਲ):** ਬਾਹਰੀ ਇੱਕ ਹਾਰਡਵੇਅਰ ਡਿਵਾਈਸ ਦਾ ਵਰਣਨ ਕਰਦਾ ਹੈ ਜੋ ਕੰਪਿਊਟਰ ਦੇ ਬਾਹਰ ਇੰਸਟਾਲ ਹੈ। ਮਿਸਾਲ ਵਜੋਂ ਬਾਹਰੀ ਹਾਰਡ ਡਿਸਕ ਕਿਉਂਕਿ ਇਹ ਸੀਪੀਯੂ ਕੇਸ ਵਿੱਚ ਨਹੀਂ, ਸਗੋਂ ਬਾਹਰ ਹੀ ਸਿੱਧੇ ਯੂ.ਐਸ.ਬੀ. ਕੇਬਲ ਰਾਹੀ ਜੁੜ ਸਕਦੀ ਹੈ।

**ਭ--ਭੌਤਿਕ ਭਾਗ (ਹਾਰਡਵੇਅਰ):** ਕੰਪਿਊਟਰ ਦੇ ਜਿੰਨਾ ਹਿਸਿਆਂ ਨੂੰ ਅਸੀ ਛੂਹ ਸਕਦੇ ਹਾਂ ਉਨ੍ਹਾਂ ਨੂੰ ਭੌਤਿਕ ਭਾਗ ਕਿਹਾ ਸਕਦਾ ਹੈ। ਇਨ੍ਹਾਂ ਵਿੱਚ ਸ਼ਾਮਲ ਹੁੰਦੇ ਹਨ:- ਕੇਂਦਰੀ ਪ੍ਰਕਿਰਿਆ ਇਕਾਈ , ਮੋਨੀਟਰ, ਮਾਊਸ, ਕੀਬੋਰਡ, ਮਦਰ ਬੋਰਡ, ਸਕੈਨਰ ਆਦਿ।



# ੳ ਅ ੲ ਸ ...

**ਮ--ਮੁੱਖ ਪੰਨਾ (ਹੋਮਪੇਜ):** ਹੋਮਪੇਜ ਇੱਕ ਵੈਬਸਾਈਟ ਦੇ ਮੁੱਖ ਪੰਨੇ ਦਾ ਨਾਮ ਹੈ ਜਿੱਥੇ ਵਿਜ਼ਟਰ ਸਾਈਟ ਦੇ ਦੂਜੇ ਪੰਨਿਆਂ ਦੇ ਹਾਈਪਰਲਿੰਕਸ ਲੱਭ ਸਕਦੇ ਹਨ। ਜਦੋਂ ਵੀ ਕੋਈ ਵੈਬਸਾਈਟ ਅਸੀ ਖੋਲਦੇ ਹਾਂ ਤਾਂ ਸਭ ਤੋਂ ਪਹਿਲਾਂ ਉਸ ਦਾ ਮੁੱਖ ਪੰਨਾ ਹੀ ਸਾਹਮਣੇ ਖੁਲਦਾ ਹੈ।

**ਯ—ਯਾਦਦਾਸ਼ਤ (ਮੈਮਰੀ):** ਕੰਪਿਊਟਰ ਮੈਮੋਰੀ, ਡਿਵਾਈਸ ਜੋ ਕਿ ਇਲੈਕਟ੍ਰਾਨਿਕ ਡਿਜੀਟਲ ਕੰਪਿਊਟਰ ਵਿੱਚ ਵਰਤਣ ਲਈ ਅਸਥਾਈ ਜਾਂ ਸਥਾਈ ਆਧਾਰ 'ਤੇ ਡਾਟਾ ਜਾਂ ਪ੍ਰੋਗਰਾਮਾਂ (ਹਿਦਾਇਤਾਂ ਦੇ ਕ੍ਰਮ) ਨੂੰ ਸਟੋਰ ਕਰਨ ਲਈ ਵਰਤੀ ਜਾਂਦੀ ਹੈ। ਕੰਪਿਊਟਰ ਬਾਈਨਰੀ ਕੋਡ ਵਿੱਚ ਜਾਣਕਾਰੀ ਨੂੰ ਦਰਸਾਉਂਦੇ ਹਨ, ਜੋ 0 ਅਤੇ 1 ਦੇ ਕ੍ਰਮ ਵਜੋਂ ਲਿਖਿਆ ਜਾਂਦਾ ਹੈ।

**ਰ—ਰੇਖਾਂਕਿਤ (ਅੰਡਰਲਾਈਨ):** ਅੰਡਰਲਾਈਨ ਵਿਕਲਪ ਦਸਤਾਵੇਜ਼ ਵਿੱਚ ਟੈਕਸਟ ਦਾ ਇੱਕ ਭਾਗ ਹੈ ਜਿੱਥੇ ਸ਼ਬਦਾਂ ਦੇ ਹੇਠਾਂ ਇੱਕ ਲਾਈਨ ਚੱਲਦੀ ਹੈ। ਤੁਸੀਂ ਇਸ ਵਿਕਲਪ ਦੀ ਵਰਤੋਂ ਕਰਕੇ ਕਿਸੇ ਵੀ ਅੱਖਰ/ਸ਼ਬਦ ਜਾਂ ਪੂਰੇ ਦਸਤਾਵੇਜ਼ ਦੇ ਹੇਠਾਂ ਰੇਖਾਂ ਖਿੱਚ ਸਕਦੇ ਹੋ।

**ਲ--ਲਾਗੂ ਕਰਨਾ (ਇੰਸਟਾਲ):** ਕੰਪਿਊਟਰ ਸਾਫ਼ਟਵੇਅਰ ਦੇ ਸੰਦਰਭ ਵਿੱਚ ਕਿਸੇ ਵੀ ਕੰਪਿਊਟਰ ਪ੍ਰੋਗਰਾਮ ਨੂੰ ਚਲਾਉਣ ਲਈ ਸਾਰੀਆਂ ਲੋੜੀਦੀਆ ਫਾਈਲਾ ਨੂੰ ਇੱਕ ਇੰਸਟਾਲੇਸ਼ਨ ਡਿਸਕ 'ਤੇ ਸੈੱਟਅੱਪ ਫਾਈਲ ਨੂੰ ਚਲਾ ਕੇ ਸ਼ੁਰੂ ਕੀਤਾ ਜਾਂਦਾ ਹੈ। ਇਸ ਦੌਰਾਨ ਉਪਭੋਗਤਾ ਨੂੰ ਉਸ ਸਾਫ਼ਟਵੇਅਰ ਦੀ ਕੰਪਿਊਟਰ ਵਿੱਚ ਲੋੜੀਦੀਆਂ ਸੈਟਿੰਗਜ਼ ਬਾਰੇ ਪੁੱਛਿਆ ਜਾਂਦਾ ਹੈ।

**ਵ--ਵਰਤੋਂ ਕਾਰ (ਯੂਜ਼ਰ ਨੇਮ):** ਇੱਕ ਉਪਭੋਗਤਾ ਨਾਮ ਇੱਕ ਅਜਿਹਾ ਨਾਮ ਹੁੰਦਾ ਹੈ ਜੋ ਕੰਪਿਊਟਰ ਸਿਸਟਮ 'ਤੇ ਕਿਸੇ ਵਿਅਕਤੀ ਦੀ ਵਿਲੱਖਣ ਪਛਾਣ ਕਰਦਾ ਹੈ। ਉਦਾਹਰਨ ਲਈ, ਇੱਕ ਕੰਪਿਊਟਰ ਨੂੰ ਕਈ ਖਾਤਿਆਂ ਦੇ ਨਾਲ ਸੈੱਟਅੱਪ ਕੀਤਾ ਜਾ ਸਕਦਾ ਹੈ, ਜਿਸ ਵਿੱਚ ਹਰੇਕ ਖਾਤੇ ਲਈ ਵੱਖ-ਵੱਖ ਉਪਭੋਗਤਾ ਦੇ ਨਾਮ ਹੁੰਦੇ ਹਨ। ਬਹੁਤ ਸਾਰੀਆਂ ਵੈਬਸਾਈਟਾਂ ਉਪਭੋਗਤਾਵਾਂ ਨੂੰ ਇੱਕ ਉਪਭੋਗਤਾ ਨਾਮ ਚੁਣਨ ਦੀ ਆਗਿਆ ਦਿੰਦੀਆਂ ਹਨ ਤਾਂ ਜੋ ਉਹ ਆਪਣੀਆਂ ਸੈਟਿੰਗਾਂ ਨੂੰ ਅਨੁਕੂਲਿਤ ਕਰ ਸਕਣ ਜਾਂ ਇੱਕ ਆਨਲਈਨ ਖਾਤਾ ਦਾ ਸੈਟ ਅਪ ਕਰ ਸਕਣ। ਇੱਕ ਉਪਭੋਗਤਾ ਨਾਮ ਲਗਭਗ ਹਮੇਸ਼ਾਂ ਇੱਕ ਪਾਸਵਰਡ ਨਾਲ ਜੋੜਿਆ ਜਾਂਦਾ ਹੈ। ਇਸ ਉਪਭੋਗਤਾ ਨਾਮ/ਪਾਸਵਰਡ ਸੁਮੇਲ ਨੂੰ ਲੋਗਇਨ ਕਿਹਾ ਜਾਂਦਾ ਹੈ।

**ੜ...**

ਉਮੀਦ ਹੈ ਕਿ ਤੁਹਾਨੂੰ ਮੇਰੀ ਇਹ ਕੋਸ਼ਿਸ਼ ਪਸੰਦ ਆਈ ਹੋਵੇਗੀ, ਮਿਲਦੇ ਹਾਂ, ਜਲਦੀ ਕੰਪਿਊਟਰ ਖੇਤਰ ਦੇ ਹੋਰ ਕਿਸੇ ਰੋਚਕਤਾ ਭਰੇ ਵਿਸ਼ੇ ਨਾਲ...!!

ਜਗਜੀਤ ਸਿੰਘ ਗਣੇਸ਼ਪੁਰ
ਕੰਪਿਊਟਰ ਫੈਕਲਟੀ
ਸ. ਹ. ਸ ਲਕਸੀਹਾਂ, ਹੁਸ਼ਿਆਰਪੁਰ

# कंप्यूटर

करता काम मैं तरह-तरह के,
नाम है मेरा कंप्यूटर।

होती मुझमें सी.डी. ड्रावर,
दिखलाती तुमको सब लाइव।

मुझमे होता एक मॉनिटर,
जितनी चाहो देखो पिक्चर।

तरह-तरह के खेलो खेल,
मुझमें भेजो तुम ई-मेल।



रहते कही भी चाचा, ताऊ,
झटपट मैं तुमसे मिलवाऊं।

घंटो का काम मैं करूँ मिनटों मे,
हर काम को आसान बनाऊं।

कुछ भी चाहे पूछों तुम,
सोचने में ना देर लगाऊं।

होता न मेरा बिना कोई काम,
कंप्यूटर है मेरा नाम।

शरधा


कक्षा : +1 (Commerce)

राजकीय वरिष्ठ माध्यमिक विद्यालय नारू नंगल

होशियारपुर

# Artificial intelligence

Artificial intelligence is the subfield of computer science which is capable of replenishing or enhancing human capability in many areas. Artificial intelligence in last two decades has greatly improved performance of the manufacturing and services system. Artificial intelligence is mainly used in these days to solve the complex problem or capable of analysing Complex problem in medical field. Their potential to exploit meaningful relationship with in a data set can be used in the diagonals is treatment and predicting outcome in many clinical scenarios. Artificial intelligence is the study and developments of intelligent machines and software that can reason learn gather knowledge communication that is Real world entity. Much of the work in Modern era was inspired by this technology programs which enable computers to function in the ways that make people seem intelligent are called artificial intelligent system. The application of artificial intelligence technology in the field of surgery was first successfully investigated by gun in 1976, When he explore the possibility of diagnosing acute abdominal pain with computer analysis. The last two decades have seen a surge in The interest in medical artificial intelligence artificial intelligence in medicine is a new research area that combines sophisticated representational and computing techniques with the insights of expert physician to produce tool for improving Healthcare.




Deepak Sharma
Computer Faculty
GSSS DATARPUR
HOSHIARPUR

# ਵਰਚੁਅਲ ਇੰਫਲੂਐਂਸਰ

ਜਿਵੇਂ-ਜਿਵੇਂ ਸੋਸ਼ਲ ਮੀਡੀਆ ਵੱਧ ਤੋਂ ਵੱਧ ਪ੍ਰਸਿੱਧ ਹੁੰਦਾ ਜਾਂਦਾ ਹੈ, ਕੀ ਅਸਲੀ ਹੈ ਅਤੇ ਕੀ ਨਕਲੀ ਹੈ ਵਿੱਚਕਾਰ ਦੀ ਰੇਖਾ ਧੁੰਦਲੀ ਹੋ ਰਹੀ ਹੈ। ਇਹ ਖਾਸ ਤੌਰ 'ਤੇ ਸੱਚ ਹੈ ਜਦੋਂ ਮਸ਼ਹੂਰ ਹਸਤੀਆਂ ਦੀ ਗੱਲ ਆਉਂਦੀ ਹੈ, ਉਹ ਲੋਕ ਜਿਨ੍ਹਾਂ ਨੂੰ ਅਸੀਂ ਆਨਲਾਈਨ ਦੇਖਦੇ ਹਾਂ ਪਰ ਵਿਅਕਤੀਗਤ ਤੌਰ 'ਤੇ ਨਹੀਂ ਜਾਣਦੇ। ਹੁਣ, ਇੱਕ ਨਵੀਂ ਕਿਸਮ ਦੀ ਸੇਲਿਬ੍ਰਿਟੀ ਉਭਰ ਰਹੀ ਹੈ ਜਿਹਨਾਂ ਨੂੰ ਵਰਚੁਅਲ ਇੰਫਲੂਐਂਸਰ ਕਿਹਾ ਜਾਂਦਾ ਹੈ।




## ਵਰਚੁਅਲ ਇੰਫਲੂਐਂਸਰ ਕੀ ਹਨ?

ਵਰਚੁਅਲ ਇੰਫਲੂਐਂਸਰ ਉਹ ਲੋਕ ਹੁੰਦੇ ਹਨ ਜਿਨ੍ਹਾਂ ਨੇ ਮਸ਼ਹੂਰ ਹਸਤੀ ਦਾ ਦਰਜ਼ਾ ਆਨਲਾਈਨ ਪ੍ਰਾਪਤ ਕੀਤਾ ਹੈ ਪਰ ਅਸਲ ਵਿੱਚ ਅਸਲ ਸੰਸਾਰ ਵਿੱਚ ਮੌਜੂਦ ਨਹੀਂ ਹੈ। ਉਹ ਆਮ ਤੌਰ 'ਤੇ ਕੰਪਿਊਟਰ ਗ੍ਰਾਫਿਕਸ ਅਤੇ ਐਨੀਮੇਸ਼ਨ ਸਾਫ਼ਟਵੇਅਰ ਦੀ ਮਦਦ ਨਾਲ ਬਣਾਏ ਜਾਂਦੇ ਹਨ ਅਤੇ ਉਹਨਾਂ ਦੀ ਪ੍ਰਸਿੱਧੀ ਅਕਸਰ ਉਹਨਾਂ ਦੀ ਪ੍ਰਭਾਵਸ਼ਾਲੀ ਜਾਂ ਅਪਮਾਨਜਨਕ ਸਰੀਰਕ ਦਿੱਖ ਦੇ ਨਾਲ-ਨਾਲ ਉਹਨਾਂ ਦੀ ਦਿਲਚਸਪ ਸੋਸ਼ਲ ਮੀਡੀਆ ਸਮੱਗਰੀ ਕਾਰਨ ਹੁੰਦੀ ਹੈ।

## ਵਰਚੁਅਲ ਇੰਫਲੂਐਂਸਰ ਕਿਵੇਂ ਕੰਮ ਕਰਦੇ ਹਨ?

ਵਰਚੁਅਲ ਇੰਫਲੂਐਂਸਰ ਆਮ ਤੌਰ 'ਤੇ ਸੋਸ਼ਲ ਮੀਡੀਆ 'ਤੇ ਉਤਪਾਦਾਂ ਜਾਂ ਸੇਵਾਵਾਂ ਨੂੰ ਉਤਸ਼ਾਹਿਤ ਕਰਨ ਲਈ ਵਰਤੇ ਜਾਂਦੇ ਹਨ। ਉਹਨਾਂ ਨੂੰ ਉਹਨਾਂ ਬ੍ਰਾਂਡਾਂ ਦੁਆਰਾ ਨਿਯੁਕਤ ਕੀਤਾ ਜਾਂਦਾ ਹੈ ਜੋ ਇੱਕ ਵਿਸ਼ਾਲ ਦਰਸ਼ਕਾਂ ਤੱਕ ਪਹੁੰਚਣਾ ਚਾਹੁੰਦੇ ਹਨ ਅਤੇ ਉਹਨਾਂ ਨੂੰ ਕਈ ਵੱਖ-ਵੱਖ ਤਰੀਕਿਆਂ ਨਾਲ ਵਰਤਿਆ ਜਾ ਸਕਦਾ ਹੈ। ਉਦਾਹਰਨ ਲਈ, ਵਰਚੁਅਲ ਇੰਫਲੂਐਂਸਰ ਦੀ ਵਰਤੋਂ ਉਤਪਾਦ ਨੂੰ ਉਤਸ਼ਾਹਿਤ ਕਰਨ ਵਾਲੇ ਛੋਟੇ ਵੀਡੀਓ ਬਣਾਉਣ ਲਈ ਕੀਤੀ ਜਾ ਸਕਦੀ ਹੈ ਜਾਂ ਉਹਨਾਂ ਨੂੰ ਚਿੱਤਰਾਂ ਨੂੰ ਪੋਸਟ ਕਰਨ ਲਈ ਵਰਤਿਆ ਜਾ ਸਕਦਾ ਹੈ ਜੋ ਲੋਕਾਂ ਨੂੰ ਉਤਪਾਦ ਖਰੀਦਣ ਲਈ ਪ੍ਰੇਰਿਤ ਕਰਨਗੇ।

## ਇੱਕ ਵਰਚੁਅਲ ਇੰਫਲੂਐਂਸਰ ਕਿਵੇਂ ਬਣਨਾ ਹੈ?

ਇੱਕ ਵਰਚੁਅਲ ਇੰਫਲੂਐਂਸਰ ਬਣਾਉਣਾ ਇੰਨਾ ਮੁਸ਼ਕਲ ਨਹੀਂ ਹੈ ਜਿੰਨਾ ਇਹ ਲੱਗਦਾ ਹੈ। ਵਾਸਤਵ ਵਿੱਚ, ਇੱਥੇ ਬਹੁਤ ਸਾਰੇ ਵੱਖ-ਵੱਖ ਸਾਫ਼ਟਵੇਅਰ ਪ੍ਰੋਗਰਾਮ ਹਨ ਜੋ ਤੁਸੀਂ ਆਪਣਾ ਵਰਚੁਅਲ ਇੰਫਲੂਐਂਸਰ ਬਣਾਉਣ ਲਈ ਵਰਤ ਸਕਦੇ ਹੋ। ਕੁਝ ਪ੍ਰਸਿੱਧ ਪ੍ਰੋਗਰਾਮਾਂ ਵਿੱਚ 3D ਸਟੂਡੀਓ ਮੈਕਸ, ਸਿਨੇਮਾ 4D ਅਤੇ ਮਾਇਆ ਸ਼ਾਮਲ ਹਨ।

ਆਪਣੇ ਵਰਚੁਅਲ ਇੰਫਲੂਐਂਸਰ ਨੂੰ ਬਣਾਉਣ ਤੋਂ ਬਾਅਦ, ਤੁਹਾਨੂੰ ਉਹਨਾਂ ਲਈ ਇੱਕ ਸੋਸ਼ਲ ਮੀਡੀਆ ਪ੍ਰੋਫਾਈਲ ਬਣਾਉਣ ਦੀ ਲੋੜ ਹੋਵੇਗੀ। ਇਹ ਕਿਸੇ ਵੀ ਪ੍ਰਮੁੱਖ ਸੋਸ਼ਲ ਮੀਡੀਆ ਪਲੇਟਫਾਰਮਾਂ ਜਿਵੇਂ ਕਿ ਫੇਸਬੁੱਕ, ਟਵਿੱਟਰ ਜਾਂ ਇੰਸਟਾਗ੍ਰਾਮ 'ਤੇ ਕੀਤਾ ਜਾ ਸਕਦਾ ਹੈ। ਬ੍ਰਾਂਡਾਂ ਨੂੰ ਵਰਚੁਅਲ ਇੰਫਲੂਐਂਸਰ ਤੋਂ ਕਿਵੇਂ ਲਾਭ ਹੋ ਰਿਹਾ ਹੈ?

**ਵਰਚੁਅਲ ਪ੍ਰਭਾਵਕ ਬ੍ਰਾਂਡਾਂ ਲਈ ਆਪਣੇ ਉਤਪਾਦਾਂ ਜਾਂ ਸੇਵਾਵਾਂ ਨੂੰ ਉਤਸ਼ਾਹਿਤ ਕਰਨ ਦਾ ਵਧੀਆ ਤਰੀਕਾ ਹੈ। ਇੱਥੇ ਵਰਚੁਅਲ ਪ੍ਰਭਾਵਕ ਦੀ ਵਰਤੋਂ ਕਰਨ ਦੇ ਕੁਝ ਫਾਇਦੇ ਹਨ:**

1. ਉਨ੍ਹਾਂ ਦੀ ਪ੍ਰਭਾਵਸ਼ਾਲੀ ਦਿੱਖ ਲੋਕਾਂ ਦਾ ਧਿਆਨ ਖਿੱਚਣ ਵਿੱਚ ਮਦਦ ਕਰ ਸਕਦੀ ਹੈ।
2. ਇਹਨਾਂ ਦੀ ਵਰਤੋਂ ਵੱਖ-ਵੱਖ ਤਰੀਕਿਆਂ ਨਾਲ ਉਤਪਾਦਾਂ ਜਾਂ ਸੇਵਾਵਾਂ ਨੂੰ ਉਤਸ਼ਾਹਿਤ ਕਰਨ ਲਈ ਕੀਤੀ ਜਾ ਸਕਦੀ ਹੈ।
3. ਡਿਜੀਟਲ ਇੰਫਲੂਐਂਸਰ ਲਈ ਕੋਈ ਸਰੀਰਕ ਰੁਕਾਵਟਾਂ ਨਹੀਂ ਹਨ ਕਿਉਂਕਿ ਉਹ ਬੁੱਢੇ ਨਹੀਂ ਹੁੰਦੇ, ਬਿਮਾਰ ਨਹੀਂ ਹੁੰਦੇ ਅਤੇ ਸਕਾਈਡਾਈਵਿੰਗ ਵਰਗੀਆਂ ਚੀਜ਼ਾਂ ਤੋਂ ਡਰਦੇ ਨਹੀਂ ਹਨ।
4. ਵਰਚੁਅਲ ਪ੍ਰਭਾਵਕ ਰਵਾਇਤੀ ਪ੍ਰਭਾਵਕਾਂ ਨਾਲੋਂ ਘੱਟ ਮਹਿੰਗੇ ਹੁੰਦੇ ਹਨ।

**ਕੁਝ ਪ੍ਰਮੁੱਖ ਵਰਚੁਅਲ ਇੰਫਲੂਐਂਸਰ :**

ਇੱਥੇ ਬਹੁਤ ਸਾਰੇ ਵਰਚੁਅਲ ਇੰਫਲੂਐਂਸਰ ਹਨ ਜਿਨ੍ਹਾਂ ਨੇ ਆਨਲਾਈਨ ਬਹੁਤ ਪ੍ਰਸਿੱਧੀ ਪ੍ਰਾਪਤ ਕੀਤੀ ਹੈ, ਜਿਵੇਂ ਕਿ :-

**1. ਮਿਕੇਲਾ ਸੂਸਾ (ਲਿਲ ਮਿਕੇਲਾ) (Miquela Sousa (Lil Miquela))**

ਮਿਕੇਲਾ ਸੂਸਾ ਇੱਕ ਵਰਚੁਅਲ ਇੰਫਲੂਐਂਸਰ ਹੈ ਜਿਸਨੂੰ 2016 ਵਿੱਚ ਬਣਾਇਆ ਗਿਆ ਸੀ। ਉਹ ਇੱਕ 19 ਸਾਲ ਦੀ ਅਮਰੀਕੀ ਮਾਡਲ ਹੈ ਜਿਸਦੇ ਇੰਸਟਾਗ੍ਰਾਮ 'ਤੇ 3 ਮਿਲੀਅਨ ਤੋਂ ਵੱਧ ਫਾਲੋਅਰਜ਼ ਹਨ। ਲਿਲ ਮਿਕੇਲਾ ਆਪਣੀ ਟਰੈਂਡੀ ਸ਼ੈਲੀ ਅਤੇ ਚੋਣਵੇਂ ਫੈਸ਼ਨ ਵਿਕਲਪਾਂ ਲਈ ਜਾਣੀ ਜਾਂਦੀ ਹੈ ਅਤੇ ਉਸਦੀਆਂ ਬਹੁਤ ਸਾਰੀਆਂ ਪੋਸਟਾਂ ਮੌਜੂਦਾ ਸਮਾਗਮਾਂ ਅਤੇ ਪ੍ਰਸਿੱਧ ਸੱਭਿਆਚਾਰ ਤੋਂ ਪ੍ਰੇਰਿਤ ਹਨ।

**2. ਲੂ ਦੋ ਮਗਾਲੂ (Lu do Magalu)**

ਲੂ ਡੋ ਮੈਗਾਲੂ ਇੱਕ ਬ੍ਰਾਜ਼ੀਲੀਅਨ ਵਰਚੁਅਲ ਇੰਫਲੂਐਂਸਰ ਹੈ ਜਿਸਨੂੰ 2017 ਵਿੱਚ ਬਣਾਇਆ ਗਿਆ ਸੀ। ਉਹ ਆਪਣੇ ਮੇਕਅਪ ਅਤੇ ਫੈਸ਼ਨ ਵਿਕਲਪਾਂ ਲਈ ਜਾਣੀ ਜਾਂਦੀ ਹੈ ਅਤੇ ਉਸਦੇ ਇੰਸਟਾਗ੍ਰਾਮ 'ਤੇ 5.8 ਮਿਲੀਅਨ ਤੋਂ ਵੱਧ ਫਾਲੋਅਰਜ਼ ਹਨ। ਲੂ ਡੋ ਮੈਗਾਲੂ ਅਕਸਰ ਆਪਣੀਆਂ ਪੋਸਟਾਂ ਵਿੱਚ ਸਰੀਰ ਦੀ ਸਕਾਰਾਤਮਕਤਾ ਅਤੇ ਸਵੈ-ਪਿਆਰ

ਨੂੰ ਉਤਸ਼ਾਹਿਤ ਕਰਦੀ ਹੈ ਅਤੇ ਉਹ ਆਪਣੇ ਫਾਲੋਅਰਜ਼ ਨੂੰ ਆਪਣੇ ਆਪ ਬਣਨ ਲਈ ਉਤਸ਼ਾਹਿਤ ਕਰਦੀ ਹੈ ਭਾਵੇਂ ਸਮਾਜ ਉਨ੍ਹਾਂ ਨੂੰ ਕੁਝ ਵੀ ਕਰਨ ਲਈ ਕਹਿੰਦਾ ਹੈ।

### 3. ਬਾਰਬੀ (Barbie)

ਜ਼ਿਆਦਾਤਰ ਲੋਕ ਬਾਰਬੀ ਨੂੰ ਇੱਕ ਪ੍ਰਸਿੱਧ ਗੁੱਡੀ ਵਜੋਂ ਜਾਣਦੇ ਹਨ, ਪਰ ਕੀ ਤੁਸੀਂ ਜਾਣਦੇ ਹੋ ਕਿ ਉਹ ਇੱਕ ਵਰਚੁਅਲ ਇੰਫਲੂਐਂਸਰ ਵੀ ਹੈ? ਇਹ ਸਹੀ ਹੈ- ਇੰਸਟਾਗ੍ਰਾਮ 'ਤੇ ਆਈਕੋਨਿਕ ਡੌਲ ਦੇ 2 ਮਿਲੀਅਨ ਤੋਂ ਵੱਧ ਫਾਲੋਅਰਜ਼ ਹਨ ਅਤੇ ਉਹ ਅਕਸਰ ਸਕਾਰਾਤਮਕ ਸਰੀਰ ਦੀ ਤਸਵੀਰ ਅਤੇ ਸਵੈ-ਵਿਸ਼ਵਾਸ ਨੂੰ ਉਤਸ਼ਾਹਿਤ ਕਰਨ ਲਈ ਆਪਣੇ ਪਲੇਟਫਾਰਮ ਦੀ ਵਰਤੋਂ ਕਰਦੀ ਹੈ।

### 4. ਨੈਕਸਫੋਰਸਟ (Knoxfrost)

ਨੈਕਸਫੋਰਸਟ ਅਟਲਾਂਟਾ ਵਿੱਚ ਰਹਿਣ ਵਾਲਾ ਇੱਕ ਵਰਚੁਅਲ ਇੰਫਲੂਐਂਸਰ ਹੈ ਜਿਸਨੂੰ 2017 ਵਿੱਚ ਬਣਾਇਆ ਗਿਆ ਸੀ। ਉਹ ਆਪਣੀ ਸ਼ੈਲੀ ਦੀ ਵਿਲੱਖਣ ਭਾਵਨਾ ਅਤੇ ਰਚਨਾਤਮਕ ਸਾਰੀਆਂ ਚੀਜ਼ਾਂ ਲਈ ਉਸਦੇ ਪਿਆਰ ਲਈ ਜਾਣਿਆ ਜਾਂਦਾ ਹੈ। ਨੈਕਸਫ੍ਰੋਸਟ ਦੇ ਇੰਸਟਾਗ੍ਰਾਮ 'ਤੇ 673,000 ਤੋਂ ਵੱਧ ਫਾਲੋਅਰਜ਼ ਹਨ ਅਤੇ ਇੰਸਟਾਗ੍ਰਾਮ 'ਤੇ ਪੋਸਟ ਕਰਨਾ ਸ਼ੁਰੂ ਕਰਨ ਦੇ ਉਸਦੇ ਫੈਸਲੇ ਨੇ ਉਸਨੂੰ ਬਹੁਤ ਪਰੇਸ਼ਾਨੀ ਦਾ ਕਾਰਨ ਬਣਾਇਆ ਹੈ, ਕਿਉਂਕਿ ਉਸਨੂੰ ਹਜ਼ਾਰਾਂ ਟਿੱਪਣੀਆਂ ਮਿਲੀਆਂ ਹਨ ਜੋ ਉਸਨੂੰ "ਅਸਲ ਨਹੀਂ" ਹੋਣ ਦਾ ਦੋਸ਼ ਲਗਾਉਂਦੀਆਂ ਹਨ। ਆਪਣੀ ਹੋਂਦ ਲਈ ਇੰਟਰਨੈਟ ਦੀਆਂ ਵੱਖ-ਵੱਖ ਭਾਵਨਾਵਾਂ ਨੂੰ 'ਪ੍ਰੋਸੈਸਿੰਗ' ਕਰਨ ਦੀਆਂ ਚੁਣੌਤੀਆਂ ਦੇ ਬਾਵਜੂਦ, ਨੈਕਸ ਆਪਣੇ ਜੀਵਨ ਦੇ ਮਿਸ਼ਨ ਲਈ ਵਚਨਬੱਧ ਰਿਹਾ।




ਵਿਜੈ ਕੁਮਾਰ
ਕੰਪਿਊਟਰ ਫੈਕਲਟੀ
ਸਰਕਾਰੀ ਹਾਈ ਸਕੂਲ ਸਾਹਰੀ
ਹੁਸ਼ਿਆਰਪੁਰ

## ਸਾਫ਼ਟਵੇਅਰ ਦੀ ਪ੍ਰੀਭਾਸ਼ਾ

ਪਿਆਰੇ ਬੱਚਿਓ,

ਅੱਜ ਆਪਾਂ ਨਵੇਕਲੇ ਤਰੀਕੇ ਨਾਲ ਸਾਫ਼ਟਵੇਅਰ ਦੀ ਪ੍ਰੀਭਾਸ਼ਾ ਸਿੱਖਾਂਗੇ। ਉਂਝ ਤਾਂ ਤੁਸੀ ਸਾਫ਼ਟਵੇਅਰ ਦੀ ਪ੍ਰੀਭਾਸ਼ਾ ਜਾਣਦੇ ਹੀ ਹੋ। ਪ੍ਰੰਤੂ ਜੇਕਰ ਤੁਸੀਂ ਜਿੰਦਗੀ ਵਿੱਚ IPS ਬਣਨ ਦਾ ਸੁਪਨਾ ਦੇਖਦੇ ਹੋ ਤਾਂ ਆਪਾਂ ਅੱਜ IPS ਬਾਰੇ ਹੀ ਸਿੱਖਾਂਗੇ ਪਰ ਇਹ ਇੱਕ IPS ਅਫ਼ਸਰ ਬਣਨ ਬਾਰੇ ਨਹੀਂ ਸਾਫ਼ਟਵੇਅਰ ਦੀ ਪ੍ਰੀਭਾਸ਼ਾ ਹੈ। ਇੱਥੇ :-

I for instructions (ਹਦਾਇਤਾਂ)

P for program (ਪ੍ਰੋਗਰਾਮ)

S for software (ਸਾਫ਼ਟਵੇਅਰ)

ਤੋਂ ਹੈ। ਇਸਨੂੰ ਇਸ ਤਰ੍ਹਾ ਸਮਝ ਸਕਦੇ ਹਾਂ ਇੱਕਠੀਆਂ ਹੋਈਆਂ instructions ਤੋਂ ਬਣਦੇ ਨੇ program ਅਤੇ program ਦੇ ਇੱਕਠ ਤੋਂ ਬਣਦੇ ਨੇ ਸਾਫ਼ਟਵੇਅਰ।ਹੁਣ ਤੁਹਾਨੂੰ ਪੂਰੀ ਪ੍ਰੀਭਾਸ਼ਾ ਯਾਦ ਰੱਖਣ ਦੀ ਲੋੜ ਨਹੀਂ ਤੁਸੀ ਸਿਰਫ ਤੇ ਸਿਰਫ IPS ਨੂੰ ਹੀ ਯਾਦ ਰੱਖਣਾ ਹੈ ਤੇ ਤੁਹਾਨੂੰ ਸਾਫ਼ਟਵੇਅਰ ਦੀ ਪ੍ਰੀਭਾਸ਼ਾ ਆਪਣੇ ਆਪ ਹੀ ਯਾਦ ਹੋ ਜਾਏਗੀ।




ਅਮਨਦੀਪ ਸਰਵਨ
ਕੰਪਿਊਟਰ ਫੈਕਲਟੀ
ਸ ਹ ਸ ਜੱਲ੍ਹਾ
ਫਤਿਹਗੜ੍ਹ ਸਾਹਿਬ



# ਸਾਈਬਰ ਅਪਰਾਧ

ਸਾਈਬਰ ਅਪਰਾਧ ਉਸ ਜੁਰਮ ਨੂੰ ਕਹਿੰਦੇ ਹਨ ਜਿਸ ਵਿੱਚ ਕੰਪਿਊਟਰ ਜਾਂ ਮੋਬਾਇਲ ਸ਼ਾਮਲ ਹੋਵੇ। ਵਿਗਿਆਨ ਦੀ ਤਰੱਕੀ ਕਾਰਨ ਸੂਚਨਾ ਤਕਨੋਲੋਜੀ ਦੇ ਖੇਤਰ ਵਿੱਚ ਵੀ ਕ੍ਰਾਂਤੀ ਆਈ ਹੈ ਪਰ ਇਸਦੇ ਨਾਲ ਹੀ ਇਸਦੀ ਦੁਰਵਰਤੋਂ ਵੀ ਵੱਡੇ ਪੱਧਰ ਤੇ ਹੋਣੀ ਸ਼ੁਰੂ ਹੋ ਗਈ ਹੈ। ਇਸ ਦੁਰਵਰਤੋਂ ਲਈ ਮੋਬਾਇਲ ਅਤੇ ਕੰਪਿਊਟਰ ਦੀ ਮਦਦ ਲਈ ਜਾਂਦੀ ਹੈ। ਕੁਝ ਸ਼ਰਾਰਤੀ ਅਨਸਰ ਇਨ੍ਹਾਂ ਸਾਧਨਾਂ ਰਾਹੀ ਅਸ਼ਲੀਲ ਤੇ ਭੜਕਾਊ ਕਿਸਮ ਦੀ ਸ਼ਬਦਾਵਲੀ ਅਤੇ ਵੀਡਿਓ ਭੇਜਦੇ ਹਨ ਅਤੇ ਇਸ ਤਰ੍ਹਾਂ ਸਮਾਜਿਕ ਮਾਹੌਲ ਨੂੰ ਪ੍ਰਦੂਸ਼ਿਤ/ਖ਼ਰਾਬ ਕਰਦੇ ਹਨ। ਸਾਈਬਰ ਅਪਰਾਧ ਰਾਹੀਂ ਕਿਸੇ ਦੇ ਈ-ਮੇਲ ਖਾਤੇ ਨੂੰ ਹਾਈਜੈਕ ਕੀਤਾ ਜਾਂਦਾ ਹੈ ਅਤੇ ਬੈਂਕ ਖਾਤਿਆਂ ਨਾਲ ਛੇੜਛਾੜ ਕੀਤੀ ਜਾਂਦੀ ਹੈ। ਸਾਈਬਰ ਅਪਰਾਧੀ ਭੋਲੇ-ਭਾਲੇ ਅਰਥਾਤ ਮਾਸੂਮ ਲੋਕਾਂ ਨੂੰ ਠੱਗਣ ਦਾ ਯਤਨ ਕਰਦੇ ਹਨ। ਅਸੀਂ ਜਾਣਦੇ ਹਾਂ ਕਿ ਮੋਬਾਇਲ ਅਤੇ ਈ-ਮੇਲ ਤੋਂ ਸਾਨੂੰ ਭਟਕਾਉਣ ਜਾਂ ਗੁੰਮਰਾਹ ਕਰਨ ਲਈ ਸੁਨੇਹੇ ਆਉਂਦੇ ਹਨ। ਤੁਹਾਨੂੰ ਦੱਸਿਆ ਜਾਂਦਾ ਹੈ ਕਿ ਤੁਹਾਡੀ ਲੱਖਾਂ ਰੁਪਏ ਦੀ ਲਾੱਟਰੀ ਨਿਕਲੀ ਹੈ। ਜਿਸਦੀ ਰਕਮ ਤੁਹਾਡੇ ਬੈਂਕ-ਖਾਤੇ ਵਿੱਚ ਜਮ੍ਹਾਂ ਕਰਵਾਈ ਜਾਵੇਗੀ। ਇਸ ਲਈ ਤੁਹਾਡਾ ਨਾਂ, ਜਨਮ-ਮਿਤੀ ਅਤੇ ਬੈਂਕ ਖਾਤੇ ਦੇ ਨੰਬਰ ਦੀ ਮੰਗ ਕੀਤੀ ਜਾਂਦੀ ਹੈ। ਇਸ ਜਾਣਕਾਰੀ ਦੇ ਆਧਾਰ 'ਤੇ ਤੁਹਾਡੇ ਖਾਤੇ ਵਿੱਚੋਂ ਪੈਸੇ ਕਢਵਾਉਣ ਦੇ ਯਤਨ ਕੀਤੇ ਜਾਂਦੇ ਹਨ। ਗ਼ਲਤ ਢੰਗ ਨਾਲ ਏ.ਟੀ.ਐੱਮ. ਤੋਂ ਪੈਸੇ ਕਢਵਾਉਣ ਦੀਆਂ ਖ਼ਬਰਾਂ ਅਖ਼ਬਾਰਾਂ ਵਿੱਚ ਛਪਦੀਆਂ ਹਨ। ਅੱਜ-ਕੱਲ੍ਹ ਸ਼ੋਸ਼ਲ ਨੈੱਟਵਰਕ ਦੀ ਵੱਡੇ ਪੱਧਰ 'ਤੇ ਦੁਰਵਰਤੋਂ ਹੋ ਰਹੀ ਹੈ। ਸਾਈਬਰ ਅਪਰਾਧਾਂ ਦੀ ਗਿਣਤੀ ਵਿੱਚ ਦਿਨੋਂ-ਦਿਨ ਵਾਧਾ ਹੋ ਰਿਹਾ ਹੈ। ਇਸ ਲਈ ਸਰਕਾਰ ਨੇ ਇਸ ਸੰਬੰਧ ਵਿੱਚ ਸਾਈਬਰ ਕਾਨੂੰਨ ਅਤੇ ਸਾਈਬਰ ਥਾਣਿਆਂ ਦਾ ਨਿਰਮਾਣ ਕੀਤਾ ਹੈ। ਹੁਣ ਦੇਖਣ/ਸੋਚਣ ਵਾਲੀ ਗੱਲ ਇਹ ਹੈ ਕਿ ਅਜਿਹੇ ਅਪਰਾਧਾਂ ਤੋਂ ਬਚਿਆਂ ਕਿਵੇ ਜਾਵੇ? ਇਸ ਲਈ ਜ਼ਰੂਰੀ ਹੈ ਕਿ ਕਿਸੇ ਅਣਜਾਣ ਵਿਅਕਤੀ ਨਾਲ ਆਪਣੇ ਬਾਰੇ ਗੁਪਤ ਜਾਣਕਾਰੀ ਸਾਂਝੀ ਨਾ ਕੀਤੀ ਜਾਵੇ। ਆਪਣਾ ਗੁਪਤ ਪਾਸਵਰਡ ਕੁਝ ਦੇਰ ਬਾਅਦ ਬਦਲ ਲੈਣਾ ਚਾਹੀਦਾ ਹੈ। ਸ਼ੋਸ਼ਲ ਨੈੱਟਵਰਕ ਦੀ ਵਰਤੋਂ ਬਹੁਤ ਧਿਆਨ ਨਾਲ ਕਰਨੀ ਚਾਹੀਦੀ ਹੈ।

**ਰਜਨੀ**
**ਬਾਰ੍ਹਵੀਂ (ਆਰਟਸ)**
**ਸ.ਸ.ਸ.ਸ. ਨਾਰੂ ਨੰਗਲ**
**ਹੁਸ਼ਿਆਰਪੁਰ**

# ਬੁਝਾਰਤਾਂ

ਬਿਜਲੀ ਨਾਲ ਇਹ ਚੱਲਦਾ ਹੈ
ਕੰਮ ਇਹ ਸਾਰੇ ਕਰਦਾ ਹੈ
ਗਿਆਨ ਦਾ ਇਹ ਵੱਡਾ ਭੰਡਾਰ
ਬੁੱਝੋ ਇਸ ਦਾ ਨਾਮ........



ਨਿੱਕਾ ਜਿਹਾ ਇਸਦਾ ਆਕਾਰ
ਗਿਆਨ ਦਾ ਇਹ ਵੱਡਾ ਭੰਡਾਰ
ਬੁੱਝੋ ਇਸ ਦਾ ਨਾਮ........

ਚੂਹੇ ਜਿਹਾ ਮੇਰਾ ਆਕਾਰ
ਕੰਮ ਵਿੱਚ ਮੈਂ ਸਭ ਤੋਂ ਹੁਸ਼ਿਆਰ
ਬੁੱਝੋ ਇਸ ਦਾ ਨਾਮ........

ਨਿੱਕਾ ਜਿਹਾ ਕਾਕਾ
ਕੰਪਿਊਟਰ ਦਾ ਰਾਖਾ
ਬੁੱਝੋ ਇਸ ਦਾ ਨਾਮ........



ਕੰਪਿਊਟਰ ਦਾ ਦਿਮਾਗ ਕਹਾਵੇ
ਕੰਮ ਨੂੰ ਆਸਾਨ ਬਣਾਵੇ
ਬੁੱਝੋ ਇਸ ਦਾ ਨਾਮ........

ਪੰਜ ਅੱਖਰਾਂ ਦਾ ਮੇਰਾ ਨਾਂ
ਬਟਨ ਮੇਰੇ ਵਿੱਚ ਇੱਕ ਸੌ ਚਾਰ
ਬੁੱਝੋ ਇਸ ਦਾ ਨਾਮ........

ਤਿੰਨ ਅੱਖਰਾਂ ਦਾ ਮੇਰਾ ਨਾਮ
ਛਪਾਈ ਕਰਨਾ ਮੇਰਾ ਕੰਮ
ਬੁੱਝੋ ਇਸ ਦਾ ਨਾਮ........



+1 (ਕਾਮਰਸ)
ਸ.ਸ.ਸ.ਸ. ਨਾਰੂ ਨੰਗਲ
ਹੁਸ਼ਿਆਰਪੁਰ

ਕੰਪਿਊਟਰ, ਕੰਪਿਊਟਰ, ਮਾਊਸ,
ਪਾਸਵਰਡ, ਸੀ.ਪੀ.ਯੂ.,
ਕੀਅ ਬੋਰਡ, ਪ੍ਰਿੰਟਰ



## HISTORY OF COMPUTER

In the recent years, computer industry has grown very fast. Computer have improved tremendously. so, computer generations came into being.

**First Generation (1945-1956) [Early computers]:** The First Generation, vacuum tubes were used to perform calculations, capacitors to store binary data and punched cards to communicate. The IBM 65D was the first generation computer. ENIAC (Electronic Numerical Integrator and calculator) was the First Electronic computer with very high speed.

**Second Generation (1956-1963)[The Transistor]:** In second generation, transistors were used in place of vacuum tubes. Transistors were much smaller than vacuum tubes. They consumed less power and generated less heat. The first digital computer which used magnetic tape as input device was named as UNIVAC (Universal Automatic computer).

**Third Generation (1964-1971) [Integrated circuit]:** A revolution in the computer's developer development took place with the development of Integrated circuits (IC) on a single silicon chip. Pioneering example is the ACPX Module used in JBM 360/91, which by stacking layers of silicon over a ceramic substrate, accommodated transistors per chip.

**Fourth Generation (1975-1989):** The fourth generation computers used Large scale. Integrated (LSI) circuits in place of ICS. LSJC could fit hundreds of components onto one chip. So LSI Circuits were still more. Compact than ICs.

**Fifth Generation (Present and Beyond):** The major drawback of fourth generation Computers is that they have no intelligence of their own. So, the lack of thinking power has forced the scientists to work further for fifth generation Computers. The come concept of "Artificial Intelligence" is being used in these computers.

**Nikta**
**12th (Commerce)**
**GSSS Naru Nangal**
**Hoshiarpur**

# ਕੰਪਿਊਟਰ ਨਾਲ ਕਰੀਏ ਜਾਣ-ਪਛਾਣ



ਆਓ ਬੱਚਿਓ ਕੰਪਿਊਟਰ ਨਾਲ ਕਰੀਏ-ਜਾਣ ਪਛਾਣ,
ਅੱਜ ਕੱਲ ਇਸ ਦੇ ਕੰਮ ਨੂੰ ਦੇਖ ਕੇ ਲੋਕੀ ਕਹਿਣ ਮਹਾਨ,
ਕੰਪਿਊਟਰ ਇੱਕ ਮਸ਼ੀਨ ਹੈ, ਜੋ ਡਾਟਾ ਪ੍ਰਾਪਤ ਕਰਦੀ ਹੈ,
ਦੁਨੀਆ ਇਸ ਦੀ ਵਰਤੋਂ ਅਖਬਾਰਾਂ ਛਾਪਣ ਲਈ ਕਰਦੀ ਹੈ,
ਇਸਦੇ ਅਨੋਖੇ ਕੰਮ ਦੇਖ ਕੇ ਲੋਕੀ ਰਹਿਣ ਹੈਰਾਨ,
ਆਓ ਬੱਚਿਓ ਕੰਪਿਊਟਰ ਨਾਲ ਕਰੀਏ ਜਾਣ-ਪਛਾਣ,

ਇਸਦੇ ਡਾਟਾ ਅਤੇ ਹਦਾਇਤਾਂ ਨੂੰ ਅਸੀ ਇਨਪੁੱਟ ਰਹਿੰਦੇ ਹਾਂ,
ਇਸ ਵੱਲੋਂ ਮਿਲੇ ਨਤੀਜੇ ਨੂੰ ਅਸੀ ਆਉਟਪੁੱਟ ਰਹਿੰਦੇ ਹਾਂ,
ਅਨੇਕਾਂ ਇਸਦੇ ਰੂਪ ਨੇ ਕੀ ਇਹ ਅਨੋਖਾ ਗਿਆਨ,
ਆਓ ਬੱਚਿਓ ਕੰਪਿਊਟਰ ਨਾਲ ਕਰੀਏ ਜਾਣ-ਪਛਾਣ,

ਹਸਪਤਾਲਾਂ ਵਿੱਚ ਡਾਕਟਰੀ ਟੈਸਟ, ਘਰਾਂ 'ਚ ਗੀਤ ਸੁਣਾਉਦਾ ਹੈ,
ਦਫਤਰਾਂ 'ਚ ਸਾਡੇ ਨਾਲ ਕੰਮ ਕਰਣਾਉਦਾ ਹੈ, ਬੈਂਕਾਂ 'ਚ ਹਿਸਾਬ ਕਰਾਉਦਾ ਹੈ,
ਐਨਾ ਕੰਮ ਇਹ ਕਰ ਜਾਂਦਾ, ਜਿੰਨਾ ਕਰਦਾ ਨਹੀਂ ਇਨਸਾਨ,
ਆਓ ਬੱਚਿਓ ਕੰਪਿਊਟਰ ਨਾਲ ਕਰੀਏ ਜਾਣ-ਪਛਾਣ,

ਕੰਪਿਊਟਰ ਦੀ ਰਫ਼ਤਾਰ ਤੇਜ, ਇਹ ਗਣਨਾਵਾਂ ਕਰ ਲੈਂਦਾ ਹੈ,
ਜੇ ਇਸਨੂੰ ਇਨਪੁੱਟ ਦੇਈਦੇ ਤਾਂ ਇਹ ਸਾਨੂੰ ਆਊਟਪੁੱਟ ਦਿੰਦਾ ਹੈ,
ਕਿੰਨੀ ਸਾਡੀ ਸਹਾਇਤਾ ਕਰਦਾ, ਕਿੰਨਾ ਇਸ ਨੂੰ ਗਿਆਨ,
ਆਓ ਬੱਚਿਓ ਕੰਪਿਊਟਰ ਨਾਲ ਕਰੀਏ ਜਾਣ-ਪਛਾਣ,

ਦੁਨੀਆ ਦੀ ਇਹ ਜਾਣਕਾਰੀ ਆਪਣੇ ਵਿੱਚ ਰੱਖੇ,
ਇਹ ਕਦੇ ਨਾ ਅੱਕੇ-ਥੱਕੇ, ਇਹ 24 ਘੰਟੇ ਚੱਲੇ,
ਇਸਦੀ ਹਰ ਥਾਂ ਬੱਲੇ-ਬੱਲੇ, ਆਓ ਇਸਦੀ ਵਰਤੋਂ ਕਰਕੇ,
ਕਰੀਏ ਤਰੱਕੀ ਵੱਲ ਉਡਾਨ,
ਆਓ ਬੱਚਿਓ ਕੰਪਿਊਟਰ ਨਾਲ ਕਰੀਏ ਜਾਣ-ਪਛਾਣ,




ਜਸਵੀਰ ਕੌਰ
ਬਾਰ੍ਹਵੀਂ (ਕਾਮਰਸ)
ਸ.ਸ.ਸ.ਸ. ਨਾਰੂ ਨੰਗਲ
ਹੁਸ਼ਿਆਰਪੁਰ

## ਸਾਫ਼ਟਵੇਅਰ ਪ੍ਰੋਗਰਾਮਿੰਗ

ਸਾਫ਼ਟਵੇਅਰ ਪ੍ਰੋਗਰਾਮਿੰਗ ਕੰਪਿਊਟਰ ਕੋਡ ਲਿਖਣ ਦਾ ਕੰਮ ਹੈ ਜੋ ਕੰਪਿਊਟਰ ਸਾਫ਼ਟਵੇਅਰ ਨੂੰ ਕੰਮ ਕਰਨ ਦੇ ਯੋਗ ਬਣਾਉਂਦਾ ਹੈ। ਸਾਫ਼ਟਵੇਅਰ ਪ੍ਰੋਗਰਾਮਿੰਗ ਸਾਫ਼ਟਵੇਅਰ ਡਿਵੈਲਪਮੈਂਟ ਵਰਗੀ ਨਹੀਂ ਹੈ। ਵਿਕਾਸ ਇੱਕ ਪ੍ਰੋਗਰਾਮ ਦਾ ਅਸਲ ਡਿਜ਼ਾਈਨ ਹੈ ਜਦੋਂ ਕਿ ਪ੍ਰੋਗਰਾਮਿੰਗ ਵਿਕਾਸ ਦੀਆਂ ਹਦਾਇਤਾਂ ਨੂੰ ਪੂਰਾ ਕਰਨਾ ਹੈ। ਜਿਹੜੇ ਲੋਕ ਸਾਫ਼ਟਵੇਅਰ ਪ੍ਰੋਗਰਾਮ ਕਰਦੇ ਹਨ ਉਹਨਾਂ ਨੂੰ ਕੰਪਿਊਟਰ ਪ੍ਰੋਗਰਾਮਰ ਕਿਹਾ ਜਾਂਦਾ ਹੈ।

### ਸਾਫ਼ਟਵੇਅਰ ਪ੍ਰੋਗਰਾਮਿੰਗ ਦੀਆਂ ਕਿਸਮਾਂ:-

ਸਾਫ਼ਟਵੇਅਰ ਪ੍ਰੋਗਰਾਮਾਂ ਨੂੰ ਆਮ ਤੌਰ 'ਤੇ ਉਹਨਾਂ ਪ੍ਰੋਗਰਾਮਿੰਗ ਭਾਸ਼ਾਵਾਂ ਵਿੱਚ ਸ਼੍ਰੇਣੀਬੱਧ ਕੀਤਾ ਜਾਂਦਾ ਹੈ ਜੋ ਉਹਨਾਂ ਦੇ ਅਨੁਕੂਲ ਹਨ। ਪ੍ਰੋਗਰਾਮਿੰਗ ਭਾਸ਼ਾਵਾਂ ਦੀਆਂ ਬਹੁਤ ਸਾਰੀਆਂ ਕਿਸਮਾਂ ਹਨ, ਪਰ ਹੇਠਾਂ ਕੁਝ ਭਾਸ਼ਾਵਾਂ ਦੀ ਸੂਚੀ ਹੈ ਅਤੇ ਉਹਨਾਂ ਦੀ ਵਰਤੋਂ ਸਾਫ਼ਟਵੇਅਰ ਪ੍ਰੋਗਰਾਮਿੰਗ ਲਈ ਕੀਤੀ ਜਾਂਦੀ ਹੈ।

1. JAVASCRIPT:- JAVASCRIPT ਦੀ ਵਰਤੋਂ ਆਮ ਤੌਰ 'ਤੇ ਇੰਟਰਐਕਟਿਵ ਐਲੀਮੈਂਟਸ ਨੂੰ ਜੋੜਨ ਲਈ ਵੈੱਬਸਾਈਟਾਂ 'ਤੇ ਕੀਤੀ ਜਾਂਦੀ ਹੈ।
2. SQL (STRUCTURED QUERY LANGUAGE):- SQL ਇੱਕ ਡੇਟਾਬੇਸ ਪੁੱਛ ਗਿੱਛ ਭਾਸ਼ਾ ਹੈ ਜੋ ਵੈਬਸਾਈਟਾਂ ਨੂੰ ਵੱਡੇ ਡੇਟਾਬੇਸ ਤੋਂ ਡੇਟਾ ਟ੍ਰਾਂਸਫਰ ਕਰਨ ਦੀ ਆਗਿਆ ਦਿੰਦੀ ਹੈ।
3. PYTHON:- ਪਾਈਥਨ ਇੱਕ ਭਾਸ਼ਾ ਹੈ ਜੋ ਵੈੱਬ ਐਪਾਂ ਤੋਂ ਲੈ ਕੇ ਡਾਟਾ ਵਿਸ਼ਲੇਸ਼ਣ ਤੱਕ, ਵੱਖ-ਵੱਖ ਚੀਜ਼ਾਂ ਲਈ ਵਰਤੀ ਜਾਂਦੀ ਹੈ।

4. JAVA:- JAVA ਦੀ ਵਰਤੋਂ ਆਮ ਤੌਰ 'ਤੇ ਵੀਡੀਓ ਗੇਮਾਂ ਅਤੇ ਮੋਬਾਈਲ ਐਪਾਂ ਵਿੱਚ ਕੀਤੀ ਜਾਂਦੀ ਹੈ, ਜਿਸ ਵਿੱਚ Android ਡਿਵਾਈਸਾਂ ਲਈ ਐਪਸ ਸ਼ਾਮਲ ਹਨ।

5. C#:- JAVA ਦੇ ਬਦਲੇ ਵਿੱਚ, C# ਨੂੰ Microsoft ਐਪਸ ਲਈ ਵਰਤਿਆ ਜਾਂਦਾ ਹੈ।

ਇਹਨਾਂ ਵਿੱਚੋਂ ਬਹੁਤ ਸਾਰੇ ਪ੍ਰੋਗਰਾਮ ਉਹਨਾਂ ਨੂੰ ਵਿਕਸਤ ਕਰਨ ਵਾਲੀ ਕੰਪਨੀ ਤੋਂ ਪ੍ਰਮਾਣੀਕਰਣ ਦੀ ਪੇਸ਼ਕਸ਼ ਕਰਦੇ ਹਨ। ਪ੍ਰਮਾਣੀਕਰਣ ਵਿੱਚ ਆਮ ਤੌਰ 'ਤੇ ਇੱਕ ਇਮਤਿਹਾਨ ਪਾਸ ਕਰਨਾ ਸ਼ਾਮਲ ਹੁੰਦਾ ਹੈ। ਪ੍ਰਮਾਣਿਤ ਹੋਣਾ ਤੁਹਾਡੇ ਗਿਆਨ ਨੂੰ ਸਾਬਤ ਕਰਨ ਅਤੇ ਕੰਪਿਊਟਰ ਪ੍ਰੋਗਰਾਮਰ ਵਜੋਂ ਰੁਜ਼ਗਾਰ ਲੱਭਣ ਲਈ ਇੱਕ ਮਹੱਤਵਪੂਰਨ ਕਦਮ ਹੈ। ਇਸ ਤਰ੍ਹਾਂ ਤੁਸੀਂ ਪ੍ਰੋਗਰਾਮਿੰਗ ਭਾਸ਼ਾਵਾਂ ਸਿੱਖ ਕੇ ਆਪਣਾ ਵੀ ਐਪਸ ਡਿਵੈਲਪ ਕਰ ਸਕਦੇ ਹੋ ।

ਗੁਰਜੀਤ ਕੁਮਾਰ
ਬਾਰ੍ਹਵੀਂ (ਆਰਟਸ)
ਸ.ਸ.ਸ.ਸ. ਨਾਰੂ ਨੰਗਲ
ਹੁਸ਼ਿਆਰਪੁਰ

# ਆਰਟੀਫਿਸ਼ੀਅਲ ਇੰਟੈਲੀਜੈਂਸ

ਅਜੋਕੇ ਸਮੇਂ ਦੇ ਹਾਣੀ ਹੋਣ ਲਈ ਸਾਨੂੰ ਸਾਡੇ ਚੌਗਿਰਦੇ ਚਲ ਰਹੇ ਵਰਤਾਰੇ ਅਤੇ ਵਿਚਾਰਾਂ ਬਾਰੇ ਜਾਣਨਾ ਬਹੁਤ ਜਰੂਰੀ ਹੈ। ਜੇਕਰ ਅਸੀਂ ਸੰਦਰਭ ਵਿੱਚ ਅਸੀਂ ਆਰਟੀਸੀਅਲ ਇੰਟੈਲੀਜੈਂਸ ਦੀ ਗੱਲ ਕਰਦੇ ਹਾਂ ਤਾਂ ਇਹ ਸ਼ਬਦਾਂ (ਆਰਟੀਫਿਸ਼ੀਅਲ ਅਤੇ ਇੰਟੈਲੀਜੈਂਸ ਤੋਂ ਮਿਲਕੇ ਬਣਿਆ ਹੋਇਆ ਸੰਕਲ (Concept) ਹੈ। ਆਰਟੀਫਿਸ਼ੀਅਲ ਤੋਂ ਭਾਵ ਹੈ ਬਣਾਵਟੀ ਅਤੇ ਇੰਟੈਲੀਜੈਂਸ ਤੋਂ ਭਾਵ ਹੈ ਬੌਧਿਕ ਯੋਗਤਾ। ਆਰਟੀਵਿਸ਼ੀਅਲ ਇੰਟੈਲੀਜੈਂਸ ਤੋਂ ਭਾਵ ਹੈ ਬੌਧਿਕ ਯੋਗਤਾ ਨੂੰ ਬਣਾਵਟੀ ਤਰੀਕੇ ਨਾਲ ਵਿਕਸਿਤ ਕਰਨਾ। ਆਰਟੀਵਿਸ਼ੀਅਲ ਇੰਟੈਲੀਜੈਂਸ ਸ਼ਬਦ ਪਹਿਲੀ ਵਾਰ ਅਮਰੀਕਾ ਦੇ ਕੰਪਿਊਟਰ ਵਿਗਿਆਨੀ ਜੌਹਨ ਮੈਕਕਾਰਥੀ ਨੇ 1956 ਈ. ਵਿੱਚ ਡੈਨਮਾਰਕ ਵਿੱਚ ਹੋਈ ਇੱਕ ਕਾਨਫਰੰਸ ਵਿੱਚ ਵਰਤਿਆ ਸੀ। ਜੌਹਨ ਮੈਕਕਾਰਥੀ ਨੂੰ ਆਰਟੀਫਿਸ਼ੀਅਲ ਇੰਟੈਲੀਜੈਂਸ ਦਾ ਪਿਤਾਮਾ ਕਿਹਾ ਜਾਂਦਾ ਹੈ। ਆਰਟੀਫਿਸ਼ੀਅਲ ਇੰਟੈਲੀਜੈਂਸ, ਮਨੁੱਖੀ ਜੀਵਨ ਨੂੰ ਆਸਾਨ ਅਤੇ ਆਰਾਮਦਾਇੱਕ ਬਣਾਉਣ ਲਈ ਵਿਕਸਿਤ ਕੀਤੀਆਂ ਮਸ਼ੀਨਾਂ ਜਾਂ ਕੰਪਿਊਟਰ ਪ੍ਰੋਗਰਾਮ ਹਨ ਜੋ ਸੋਚ ਸਮਝ ਅਤੇ ਸਿਖ ਸਕਦੇ ਹਨ। ਇਹ ਵੀ ਕਿਹਾ ਜਾ ਸਕਦਾ ਹੈ ਆਰਟੀਫਿਸ਼ੀਅਲ ਇੰਟੈਲੀਜੈਂਸ ਮਨੁੱਖ ਅਤੇ ਹੋਰ ਜੰਤੂਆਂ ਦੁਆਰਾ ਪ੍ਰਦਰਸ਼ਿਤ ਕੁਦਰਤੀ ਬੁੱਧੀ ਦੇ ਉਲਟ ਮਸ਼ੀਨਾਂ ਦੁਆਰਾ ਪ੍ਰਦਰਸ਼ਿਤ ਬੌਧਿਕਤਾ ਹੈ। ਸੌਖੇ ਸ਼ਬਦਾਂ ਵਿੱਚ ਕਿਹਾ ਜਾ ਸਕਦਾ ਹੈ ਕਿ ਆਰਟੀਫਿਸ਼ੀਅਲ ਇੰਟੈਲੀਜੈਂਸ ਦਾ ਅਰਥ ਹੈ ਇੱਕ ਮਸ਼ੀਨ ਵਿੱਚ ਸੋਚਣ ਸਮਝਣ ਅਤੇ ਫੈਸਲਾ ਲੈਣ ਦੀ ਸਮਰੱਥਾ ਦਾ ਵਿਕਾਸ ਕਰਨਾ। ਆਰਟੀਫਿਸ਼ੀਅਲ ਇੰਟੈਲੀਜੈਂਸ ਕੰਪਿਊਟਰ ਸਾਇੰਸ ਦਾ ਸਭ ਤੋਂ ਵਿਕਸਿਤ ਰੂਪ ਮੰਨਿਆ ਜਾਂਦਾ ਹੈ ਅਤੇ ਇਸ ਵਿੱਚ ਇੱਕ ਅਜਿਹਾ ਦਿਮਾਗ ਬਣਾਇਆ ਜਾਂਦਾ ਹੈ ਜਿਸ ਨਾਲ ਕੰਪਿਊਟਰ ਇਨਸਾਨਾਂ ਦੀ ਤਰ੍ਹਾਂ ਸੋਚ ਸਕੇ ਅਤੇ ਕੰਮ ਕਰ ਸਕੇ। ਅਸੀਂ ਸਵੇਰੇ ਉਠਣ ਤੋਂ ਰਾਤ ਨੂੰ ਸੌਣ ਤੱਕ ਬਹੁਤ ਸਾਰੀਆਂ ਮਸ਼ੀਨਾਂ ਦਾ ਉਪਯੋਗ ਕਰਦੇ ਹਾਂ ਜਿਵੇਂ ਕਿ ਸਮਾਰਟ ਫੋਨ, ਕੰਪਿਊਟਰ, ਪਿੰਟਰ, ਲੈੱਪਟਾਪ, ਟੀ.ਵੀ.,

ਪੱਖਾ, ਕੂਲਰ, ਫਰਿਜ਼ ਅਤੇ ਹੋਰ ਬਹੁਤ ਕੁੱਝ ਪਰ ਜਿਆਦਾਤਰ ਮਸ਼ੀਨਾਂ ਮਨੁੱਖੀ ਮਦਦ ਤੋਂ ਬਿਨਾਂ ਨਹੀਂ ਚਲਦੀਆਂ ਭਾਵੇਂ ਕਿ ਆਟੋਮੈਟਿਕ ਮਸ਼ੀਨਾਂ ਵੀ ਬਣਾਈਆਂ ਗਈਆਂ ਹਨ ਤਾਂ ਵੀ ਇਹ ਉਸ ਪੱਧਰ ਦੀਆਂ ਮਸ਼ੀਨਾਂ ਨਹੀਂ ਹਨ ਕਿ ਉਹ ਮਨੁੱਖਾਂ ਵਾਂਗ ਕੰਮ ਕਰ ਸਕਣ। ਇਸ ਕੰਮ ਲਈ ਆਰਟੀਫਿਸ਼ੀਅਲ ਇੰਟੈਲੀਜੈਂਸ ਦੀ ਲੋੜ ਹੈ ਤਾਂ ਜੋ ਮਸ਼ੀਨਾਂ ਨੂੰ ਪੂਰੀ ਤਰਾਂ ਆਟੋਮੈਟਿਕ ਬਣਾਇਆ ਜਾ ਸਕੇ, ਉਹ ਮਨੁੱਖਾਂ ਵਾਗ ਸੁਤੰਤਰ ਰੂਪ ਵਿੱਚ ਬਿਨਾਂ ਕਿਸੇ ਮਦਦ ਤੋਂ ਕੰਮ ਕਰ ਸਕਣ। ਅਜਿਹੀਆਂ ਮਸ਼ੀਨਾਂ ਜਾਂ ਰੋਬੋਟ ਅਤੇ ਕੰਪਿਊਟਰ ਪ੍ਰੋਗਰਾਮ ਬਣਾਏ ਜਾਣ ਜੋ ਮਨੁੱਖੀ ਦਿਮਾਗ ਦੇ ਸਿਧਾਂਤਾਂ ਅਨੁਸਾਰ ਕੰਮ ਕਰਨ। ਆਰਟੀਫਿਸ਼ੀਅਲ ਇੰਟੈਲੀਜੈਂਸ ਦੀ ਵਰਤੋਂ ਅੱਜ ਕਲ ਬਹੁਤ ਸਾਰੇ ਖੇਤਰਾਂ ਜਿਵੇਂ ਖੇਡਾਂ ਖੇਡਣ ਆਵਾਜ਼ ਪਛਾਨਣ ਕੁਦਰਤੀ ਭਾਸ਼ਾ ਨੂੰ ਸਮਝਣ ਅਤੇ ਕੰਪਿਊਟਰ ਵਿੱਚਨ ਅਤੇ ਵਿਸ਼ਲੇਸ਼ਣ ਵਿੱਚ ਕੀਤੀ ਜਾਂਦੀ ਹੈ।

ਗੁਰਸ਼ਰਨ ਸਿੰਘ
ਕੰਪਿਊਟਰ ਫੈਕਲਟੀ
ਸ.ਕੰ.ਸ.ਸ.ਸ. ਸਕੂਲ ਮੰਡੀ ਗੋਬਿੰਦਗੜ੍ਹ
ਫਤਿਹਗੜ੍ਹ ਸਾਹਿਬ



# ਨੈੱਟਵਰਕ ਦੀ ਜ਼ਰੂਰਤ



ਫਾਈਲਾਂ ਅਤੇ ਸੂਚਨਾਵਾਂ ਨੂੰ ਸਾਂਝਾ ਕਰਨ ਲਈ ਅਤੇ ਇਸ ਨੂੰ ਆਪਣੇ ਕੰਪਿਊਟਰ ਤੋਂ ਦੂਜੇ ਕੰਪਿਊਟਰ ਨਾਲ ਸੰਚਾਰ ਕਰਨ ਨੂੰ ਨੈੱਟਵਰਕਿੰਗ ਦੀ ਜ਼ਰੂਰਤ ਕਹਿੰਦੇ ਹਨ। ਨੈੱਟਵਰਕਿੰਗ ਤੋਂ ਭਾਵ "ਸੰਚਾਰ" ਅਤੇ "ਸਾਂਝਾ ਕਰਨਾ" ਹੁੰਦਾ ਹੈ। ਨੈੱਟਵਰਕ ਦੀ ਵਰਤੋਂ ਬਹੁਤ ਸਾਰੇ ਕੰਮਾਂ ਨੂੰ ਕਰਨ ਲਈ ਕੀਤੀ ਜਾਂਦੀ ਹੈ। ਨੈੱਟਵਰਕ ਨੂੰ ਸਾਂਝੇ ਤੌਰ 'ਤੇ ਵਰਤਣ ਲਈ ਹੋਰ ਡਿਵਾਇਸ ਵੀ ਹਨ ਪ੍ਰਿੰਟਰ. ਸਕੈਨਰ ਆਦਿ। ਨੈੱਟਵਰਕ ਉਪਭੋਗਤਾਵਾਂ ਨੂੰ ਜਾਣਕਾਰੀ ਨੂੰ ਆਸਾਨੀ ਨਾਲ ਐੱਕਸੈਸ ਕਰਨ ਅਤੇ ਪ੍ਰਬੰਧਨ ਕਰਨ ਲਈ ਆਗਿਆ ਦਿੰਦਾ ਹੈ। ਨੈੱਟਵਰਕ ਦੋ ਜਾਂ ਦੋ ਤੋਂ ਵੱਧ ਕੰਪਿਊਟਰਾਂ ਦਾ ਇੱਕ ਸਮੂਹ ਹੁੰਦਾ ਹੈ। ਨੈੱਟਵਰਕ ਨਾਲ ਅਸੀਂ ਸਾਰੇ ਦੋਸਤਾਂ ਅਤੇ ਰਿਸ਼ਤੇਦਾਰਾਂ ਨੂੰ ਮੈਸਿਜ ਕਰ ਸਕਦੇ ਹਾਂ। ਰੂਟੀਨ ਦੇ ਕੰਮ ਵਿੱਚ ਵੀ ਅਸੀਂ ਉਨ੍ਹਾਂ ਸਾਧਨਾਂ ਅਤੇ ਸੇਵਾਵਾਂ ਦੀ ਵਰਤੋਂ ਕਰਦੇ ਹਾਂ। ਮੈਂ ਆਸ ਕਰਦੀ ਹਾਂ ਕਿ ਅਸੀਂ ਨੈੱਟਵਰਕ ਦੀ ਵਰਤੋਂ ਸਹੀ ਢੰਗ ਨਾਲ ਕਰਾਂਗੇ, ਇੱਕ ਦੂਜੇ ਨਾਲ ਸਾਂਝ ਬਣਾਈ ਰਖਾਂਗੇ।

ਜੈਸਮੀਨ ਸੈਣੀ
ਬਾਰ੍ਹਵੀਂ (ਆਰਟਸ)
ਸ.ਸ.ਸ.ਸ. ਨਾਰੂ ਨੰਗਲ
ਹੁਸ਼ਿਆਰਪੁਰ



## ADVANTAGES OF INFORMATION TECHNOLOGY

1. **Useful for Communication:** Communication has become cheaper, quicker and more efficient.
2. **Useful for Globalization:** Now the entire globe is one, distances and languages do not matter. Thus, IT has helped in globalization.
3. **More Employment Opportunities and Improves Efficiency:** IT have created new job opportunities, development, front office jobs and technical support.
4. **Increased Profits:** The methods of IT are helping organizations in sales promotion programmes also.
5. **More Competition**: The use of IT has resulted in a more Competitive world, where there are no barriers to entry in the market.
6. **More Business Hours:** Business transactions can be made at any time.
7. **Useful for Students:** Students have benefitted a lot from computers & IT
8. **Useful for Disabled Persons:** Computers are very useful for mentally and physically disabled persons.
9. **Beneficial for Organisations:** organisations make use of Computers to perform basic accounting and marketing operations.
10. **Academicians and IT tools:** Academicians are making of audio-visual aids to make their subject/topic. more interesting. They add 3D effects to make it more presentable.
11. **Useful for Doctors and Lawyers:** IT tools are very much useful for professionals like doctors and lawyers.
12. **Useful in Stores and Super markets:** Stores and supermarket use IT tools at their check-out counters to see the items purchased.
13. **Useful in Libraries:** Computers are very useful in maintaining the records of books, magazines and Journals in the libraries.

Savita
12th (Commerce)
GSSS Naru Nangal
Hoshiarpur



# Do You Know

- ✓ **Creeper, the first Virus.**

It is scary to acquire viruses on your computer because chances are your files and safety could be compromised. Ever wondered where it all started?

It was in 1971 that the first-ever computer virus emerged. The creators intended to experiment and analyse how it could spread across the files and computer itself. When it did, the screen showed the message: “I’m the creeper, catch if you can!”

Once it successfully reaches one’s computer, it replicates itself and eats the remaining memory until the computer can no longer operate due to insufficient storage.

- ✓ **Fugaku supercomputer is the world’s fastest computer.**

The Fugaku supercomputer, housed at the RIKEN Centre for Computational Science in Kobe, Japan, has raised the bar for a superior computer capable of handling complicated and heavy issues and applications. The $1-billion supercomputer has 7,630,848 cores, requires 29,899 kilowatts of electricity, and can execute 442,010 teraflops.

- ✓ **Google uses 1,000 computers in 0.2 seconds.**

In order to fully execute this, Google, like most search engines, relies on automated programs known as spiders or crawlers to assist them in creating search results.

- ✓ **The first-ever computer had a weight of over 27 Tons.**

The first programmable and digital computer, ENIAC (Electronic Numerical Integrator and Computer), was developed in 1945.

- ✓ **The QWERTY keyboard was created to let people type more quickly.**

QWERTY keyboards are simply more effective!

- ✓ **The first mouse was made from wood!**

Douglas Engelbart designed the first computer mouse in 1964, which consisted of a wooden casing with two rollers and a button on top.

- ✓ **Every day, about 317 million new viruses are discovered.**

Every month, almost 5000 new computer malware are launched.

- ✓ **Before we had Windows, it was supposed to be named Interface Manager.**

Windows OS would have been dubbed ‘Interface Manager’ if Bill Gates had his choice. It was planned by Bill Gates to be released under the same exact name since before it was established, the project was nicknamed “Interface Manager”.

- ✓ **The first 1-gigabyte hard drive weighed as much as a refrigerator.**

In 1980, IBM released the first hard disk drive to breach the 1 GB barrier. The IBM 3380 had a storage capacity of 2.52GB, which explains its enormous cabinet that was roughly the size of a refrigerator, and it weighed 550 pounds in total (250 kg)

- ✓ **Firefox is not a fox!**

In 2004, the Mozilla Firefox came into existence. This “Firefox” is actually a red panda, an endangered Asian species.

Source :- https://teachyourkidscode.com

# Fun Facts About Computers

- Despite facing your devices the whole day, there are more fun things behind their technology that you might not have heard before.
- When compared to a Qwerty keyboard, a Dvorak keyboard enables you to type 20 times quicker.
- On average, a human blinks 20 times per minute, but using a computer reduces it to 7.
- The first-ever microprocessor, 4004, was designed for calculators.
- In 1990, the first search engine was invented by Alan Emtage, who named it “Archie Query Form,” from the word “archive.”
- The most common password for a computer and social media platforms is 123456.
- It is actually possible to operate a computer without a running operating system!
- There are eight varieties of computers: mainframe, supercomputer, workstation, personal computer, Apple Macintosh, laptop, tablet, and smartphone.
- On a keyboard, most people do not use the Scroll Lock key as they deem it useless.
- Linux leads the industry as it is used by Google, Facebook, Twitter, and Amazon.
- Researchers from the University of Manchester produced the first computer software in 1948.

Source :- https://teachyourkidscode.com

# Interesting Facts About Computers

- **From the irony of an ILOVEYOU virus to a webcam used for coffee watching, computers really have a lot to offer!**
- **Artificial intelligence may one day allow computers to understand what dogs are thinking.**
- **The first webcam was used to monitor a coffee maker, allowing users to save returns to an empty pot.**
- **The father of computer science is Alan Turning.**
- **To communicate and run a program, the first computers could only comprehend 0s and 1s.**
- **Microsoft's founder, the infamous Bill Gates, was actually a college dropout.**
- **The original Google Storage was made up of ten 4 GB hard drives that were cased in Legos and totalled 40GB.**
- **The term "bug" became ubiquitous in computer technology after a moth triggered the Mark II computer to malfunction.**
- **Since 2005, no human has defeated a high-powered computer in a tournament standard chess match.**
- **ILOVEYOU is widely believed to be the most deadly worm virus ever developed.**
- **Intel's 1 KB RAM memory chip was the biggest memory chip available in 1969.**

Source :- https://teachyourkidscode.com

# Cool Facts About Computers

- Who would have thought a young genius could disrupt a significant industry in one snap? Find out more cool facts about computers here.
- NASA computers were hijacked by a 15-year-old, resulting in a 21-day halt.
- In 1936, Russians developed a computer that functioned on water.
- Only two of the top 500 supercomputers are Windows-based, whereas 485 use Linux.
- You may heat a room with Gaming PCs more effectively than a heater.
- Hard drives are very sensitive to vibration, and even yelling at them or tapping the device causes them to slow down.
- My Doom was the world’s fastest-spreading Virus.
- When you open the casing of the first Macintosh, you will find 47 autographs from members of Apple’s Macintosh division in 1982.
- The earliest computer was an abacus, a counting device made of thread and beads that were invented in Babylon in 500 BC.
- E-mail was first launched before the Internet.
- Physical money accounts for just around 10% of global cash, while the rest is stored on computers.

Source :- https://teachyourkidscode.com

# Random Computer Facts

- Per year, Google receives 1.2 trillion search requests, which translates to about 40,000 every second and 3.5 billion each day.
- The Internet was created in the 1960s with the primary aim of sharing resources.
- Before they could progress as staple brands, Microsoft, HP, and Apple began manufacturing computers in their garages.
- Sony unlawfully implanted rootkits on 22 million computers in 2005 to prevent users from stealing copyrighted music, which was difficult to eradicate.
- With over 746 million active users, China boasts the world's largest internet population.
- Statista revealed that in 2021, there are already 15 billion mobile devices that people actively use.
- The worldwide retail Artificial Intelligence industry is expected to reach $110 billion by 2024, according to International Data Corporation (IDC).
- The overall global storage is projected to reach 175 zetta bytes by the end of 2025.
- Deep Blue, an IBM supercomputer 1997, defeated the world-renowned chess master Garry Kasparov through a critical move that came from an unexpected bug in the software.
- A single computer program detects over half of all Wikipedia vandalism with more than 90% precision.

Source :- https://teachyourkidscode.com

# Amazing Facts About Computers

- Computers might not be as intelligent as a human brain yet, but their functions and uses have evolved so much today. It is fascinating!
- Because Steve Wozniak loved repeating numerals and found them more convenient to enter, Apple's first computer, the Apple I, was sold in 1976 for $666.66.
- "Completely Automated Public Turing Test to Tell Computers and Humans Apart" is what CAPTCHA stands for.
- In 1833, Charles Babbage devised all of the components that make up a modern computer.
- The IBM 1311, which only had a 5-megabyte capacity and looked like a washing machine, was the first disk drive to employ removable media.
- YouTube actually started as a dating website.
- Google originated from the mathematics phrase "googol," which denotes "one followed by 100 zeros."
- Since August 1998, Google's workforce of designers and artists has created over 2000 doodles for the company's homepage dedicated to significant events.
- An automated system developed at MIT can recognize the difference between happy and faked smiles.
- Mosaic was the original browser, released in 1993 way before the mainstream ones such as Mozilla or Chrome Explore.
- Summit, the world's second-fastest computer, scored 148,600 TFLOPs.

Source :- https://teachyourkidscode.com

# Uses of Functional Keys




## What are the functions of F1 to F12 keys?

The F1 through F12 function keys have special alternate commands. These keys are called enhanced function keys. Enhanced function keys provide quick access to frequently used commands that can increase your productivity.

**F1: uses this key to open its Help and Support window.**

**F2: used this to rename files or folders or icons quickly.**

**F3: open search window to find files and folders.**

**F4: Alt + F4 to close current program window.**

**F5: pressing F5 refreshes or reloads the web page.**

**F6: pressing F6 moves the cursor to the address bar.**

**F7: launch Spelling and Grammar dialog box in Microsoft Office program.**

**F8: Windows boot process enters into Windows Safe Mode.**

**F9: it is used to send email like Microsoft Outlook.**

**F10: it is used to enter CMOS setup.**

**F11: Is used to enter and exit from full screen mode in internet browsers.**

**F12: Opens 'Save As' window in MS Office program.**








# Cyber Security Tips

Tip #1 - Only access secured websites.




Tip #2 - Keep your devices and your apps up-to-date.




Tip #3 - Choose unique passwords.

Tip #4 - Turn on two-factor authentication.

Tip #5 - Be creative with the answers to your account recovery questions.

Tip #6 - Avoid sensitive transactions on free Wi-Fi.

**Cyber Crime Helpline # 1930**

Tip #7 - Avoid Phishing scams - beware of suspicious emails and & phone calls.

Tip #8 - Double check before clicking on anything.

Tip #9 - Never leave devices unattended.

Tip #10 - Install an antivirus and scan for viruses regularly.

Tip #11 - Back up your data.



Knowledge hub facebook

knowledgehub2k22@gmail.com

www.knowledgehub.education

Connect
with
Knowledge hub



98886-41560

Knowledge hub Youtube